Fair Advice Financial | Care WEALTH MANAGEMENT INC.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 20* Issue 222 | Thursday, November 11, 2021 | Tel: 905-793-2202 | Fax: 905-793-2282 | news@punjabipost.ca ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਅਨੇਮੀ ਪਾਲ ਨੇ ਗ੍ਰੀਨ ਪਾਰਟੀ ਨੂੰ ਭੇਜਿਆ ਅਸਤੀਫਾ, ਪਾਰਟੀ ਛੱਡਣ ਦਾ ਕੀਤਾ ਐਲਾਨ

ਓਟਵਾ, 10 ਨਵੰਬਰ (ਪੋਸਟ ਬਿਊਰੋ) : ਗ੍ਰੀਨ ਪਾਰਟੀ ਦੀ ਆਗੂ ਅਨੇਮੀ ਪਾਲ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਬੁੱਧਵਾਰ ਨੂੰ ਰਸਮੀ ਤੌਰ ਉੱਤੇ ਗ੍ਰੀਨ ਪਾਰਟੀ ਆਫ ਕੈਨੇਡਾ ਨੂੰ ਆਪਣਾ ਅਸਤੀਫਾ ਭੇਜ ਦਿੱਤਾ।

ਇੱਕ ਟਵੀਟ ਵਿੱਚ ਪਾਲ ਨੇ ਆਖਿਆ ਕਿ ਉਹ ਪਾਰਟੀ ਨਾਲ ਆਪਣੀ ਮੈਂਬਰਸ਼ਿਪ ਵੀ ਖ਼ਤਮ ਕਰਨ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਕੈਨੇਡਾ ਦੇ ਲੋਕਾਂ ਦੀ ਸੇਵਾ ਕਰਨਾ ਬੜੇ ਮਾਣ ਵਾਲੀ ਗੱਲ ਸੀ ਤੇ ਹੁਣ ਉਹ ਨਵੇਂ ਢੰਗ ਨਾਲ ਅਜਿਹਾ ਕਰਦੇ ਰਹਿਣਗੇ। 27 ਸਤੰਬਰ ਨੂੰ ਵਿਵਾਦਾਂ ਵਿੱਚ ਘਿਰੀ ਇਸ ਆਗੂ ਨੇ ਇਹ ਐਲਾਨ ਕੀਤਾ ਸੀ ਕਿ ਉਨ੍ਹਾਂ ਆਪਣੀ ਇਸ ਭੂਮਿਕਾ ਤੋਂ ਪਿੱਛੇ ਹਟਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ। ਉਹ ਇੱਕ ਸਾਲ ਤੋਂ ਵੀ ਘੱਟ ਸਮੇਂ ਲਈ ਇਸ ਅਹੁਦੇ ਉੱਤੇ ਰਹੀ ਤੇ ਉਨ੍ਹਾਂ ਆਖਿਆ ਕਿ ਇਹ ਉਨ੍ਹਾਂ ਦੀ ਜ਼ਿੰਦਗੀ ਦਾ ਸੱਭ ਤੋਂ ਮਾੜਾ ਅਰਸਾ ਸੀ।



ਸਤੰਬਰ ਵਿੱਚ ਹੋਈਆਂ ਚੋਣਾਂ ਵਿੱਚ ਪਾਲ ਤੀਜੀ ਵਾਰੀ ਆਪਣੇ ਟੋਰਾਂਟੋ ਸੈਂਟਰ ਹਲਕੇ ਤੋਂ ਜਿੱਤਣ ਵਿੱਚ ਅਸਫਲ ਰਹੀ। ਪਾਰਟੀ ਨੇ ਵੀ 2000 ਤੋਂ ਬਾਅਦ ਆਪਣੇ ਸੱਭ ਤੋਂ ਘੱਟ ਉਮੀਦਵਾਰ ਮੈਦਾਨ ਵਿੱਚ ਉਤਾਰੇ। 2021 ਵਿੱਚ ਪਾਲ ਦੀ ਅਗਵਾਈ ਵਿੱਚ ਸਿਰਫ 398,775 ਕੈਨੇਡੀਅਨਜ਼ ਨੇ ਗ੍ਰੀਨ ਪਾਰਟੀ ਨੂੰ ਵੋਟ ਪਾਈ ਜਦਕਿ 2019 ਵਿੱਚ ਪਾਰਟੀ ਨੂੰ 1,189,631 ਵੋਟਾਂ ਹਾਸਲ ਹੋਈਆਂ ਸਨ। ਪਾਲ ਪਹਿਲੀ ਬਲੈਕ ਤੇ ਯਹੂਦੀ ਮਹਿਲਾ ਸੀ ਜਿਹੜੀ ਕੈਨੇਡਾ ਵਿੱਚ ਵੱਡੀ ਸਿਆਸੀ ਪਾਰਟੀ ਦੀ ਆਗੂ ਚੁਣੀ ਗਈ। ਗ੍ਰੀਨ ਪਾਰਟੀ ਅੰਦਰੂਨੀ ਕਲੇਸ਼ ਵਿੱਚ ਵੀ ਉਲਝੀ ਰਹੀ ਤੇ ਇਸ ਸਾਲ ਦੇ ਸ਼ੁਰੂ ਵਿੱਚ ਪਾਲ ਨੂੰ ਗ੍ਰੀਨ ਪਾਰਟੀ ਦੀ ਮੈਂਬਰਸ਼ਿਪ ਤੋਂ ਹਟਾਉਣ ਦੀ ਵੀ ਕੋਸ਼ਿਸ਼ ਕੀਤੀ ਗਈ।

## ਹਾਈਵੇਅ 413 ਉਤੇ ਨਹੀਂ ਵਸੂਲਿਆ ਜਾਵੇਗਾ ਟੋਲ : ਫੋਰਡ

ਓਨਟਾਰੀਓ, 10 ਨਵੰਬਰ (ਪੋਸਟ ਬਿਊਰੋ): ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਤੇ ਉਨ੍ਹਾਂ ਦੇ ਮੰਤਰੀਆਂ ਵੱਲੋਂ ਬੁੱਧਵਾਰ ਨੂੰ ਆਖਿਆ ਗਿਆ ਕਿ ਹਾਲਟਨ ਤੋਂ ਯੌਰਕ ਰੀਜਨ ਤੱਕ ਬਣਾਏ ਜਾ ਸਕਣ ਵਾਲੇ ਹਾਈਵੇਅ ਉੱਤੇ ਕੋਈ ਟੋਲ ਨਹੀਂ ਵਸੂਲਿਆ ਜਾਵੇਗਾ ਪਰ ਇਸ ਉੱਤੇ ਕਿੰਨਾ ਖਰਚਾ ਆਵੇਗਾ ਜਾਂ ਇਹ ਕਦੋਂ ਤੱਕ ਮੁਕੰਮਲ ਹੋਵੇਗਾ ਇਸ ਬਾਰੇ ਪ੍ਰੋਵਿੰਸ਼ੀਅਲ ਸਰਕਾਰ ਵੱਲੋਂ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ।

ਹਾਈਵੇਅ 413 ਹਾਈਵੇਅ 401 ਤੇ ਹਾਈਵੇਅ 407 ਦੇ ਜੰਕਸ਼ਨਜ਼ ਨਾਲ ਕੋਨੈਕਟ ਕਰੇਗਾ ਤੇ ਹਾਈਵੇਅ 410 ਦੇ ਟਰਮੀਨਸ ਤੱਕ ਜਾਵੇਗਾ ਤੇ ਇਹ ਪੂਰਬ ਵੱਲ ਹਾਈਵੇਅ 400 ਉੱਤੇ ਕਿੰਗ ਰੋਡ ਦੇ ਦੱਖਣ ਤੱਕ ਬਣੇਗਾ, 59 ਕਿਲੋਮੀਟਰ ਦੇ ਏਰੀਆ ਵਿੱਚ ਇਹ ਹਾਈਵੇਅ ਚਾਰ ਤੋਂ ਛੇ ਲੇਨਜ਼ ਵਾਲਾ ਹੋਵੇਗਾ।




ਫੋਰਡ ਨੇ ਇਹ ਵੀ ਆਖਿਆ ਕਿ ਪਿਛਲੀ ਲਿਬਰਲ ਸਰਕਾਰ ਵੱਲੋਂ ਹਾਈਵੇਅ ਨਾ ਬਣਾਉਣ ਦਾ ਫੈਸਲਾ ਗਲਤ ਸੀ ਕਿਉਂਕਿ ਇਹ ਹਾਈਵੇਅ ਬਣਨ ਨਾਲ 300,000 ਕਮਿਊਟਰਜ਼ ਨੂੰ ਫਾਇਦਾ ਹੋਵੇਗਾ। ਟਰਾਂਸਪੋਰਟੇਸ਼ਨ ਮੰਤਰੀ ਕੈਰੋਲੀਨ ਮਲਰੋਨੀ ਨੇ ਆਖਿਆ ਕਿ ਅਸੀਂ ਪ੍ਰੋਕਿਓਰਮੈਂਟ ਪ੍ਰਕਿਰਿਆ ਸ਼ੁਰੂ ਕਰਨ ਜਾ ਰਹੇ ਹਾਂ ਤੇ ਇਸ ਪ੍ਰੋਕਿਓਰਮੈਂਟ ਪ੍ਰਕਿਰਿਆ ਨੂੰ ਜਿਨਾਂ ਸਖ਼ਤ ਮੁਕਾਬਲੇਬਾਜ਼ੀ ਵਾਲਾ ਹੋ ਸਕੇਗਾ ਓਨਾ ਰੱਖਣ ਦੀ ਕੋਸ਼ਿਸ਼ ਕੀਤੀ ਜਾਵੇਗੀ।

ਲਿਬਰਲ ਆਗੂ ਸਟੀਵਨ ਡੈਲ ਡੂਕਾ ਨੇ ਆਖਿਆ ਕਿ ਉਨ੍ਹਾਂ ਦੀ ਪਾਰਟੀ ਵੱਲੋਂ ਅਜੇ ਵੀ ਇਸ ਪ੍ਰੋਜੈਕਟ ਦਾ ਵਿਰੋਧ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਪ੍ਰੋਵਿੰਸ ਦਾ ਟਰਾਂਸਪੋਰਟੇਸ਼ਨ ਮੰਤਰੀ ਰਹਿੰਦਿਆਂ ਇਸ ਪ੍ਰੋਜੈਕਟ ਨੂੰ ਰੱਦ ਕੀਤਾ ਸੀ ਕਿਉਂਕਿ ਇਸ ਉੱਤੇ 10 ਬਿਲੀਅਨ ਡਾਲਰ ਦਾ ਖਰਚਾ ਆ ਸਕਦਾ ਹੈ ਤੇ ਇਸ ਨੂੰ ਮੁਕੰਮਲ ਹੋਣ ਵਿੱਚ ਦਸ ਸਾਲ ਲੱਗ ਸਕਦੇ ਹਨ।

## ਕੋਵਿਡ-19 ਕੇਸਾਂ ਵਿੱਚ ਹੋਏ ਵਾਧੇ ਤੋਂ ਬਾਅਦ ਓਨਟਾਰੀਓ ਨੇ ਰੀਓਪਨਿੰਗ ਪਲੈਨ ਦੇ ਅਗਲੇ ਕਦਮ ਉੱਤੇ ਲਾਈ ਰੋਕ

ਓਨਟਾਰੀਓ, 10 ਨਵੰਬਰ (ਪੋਸਟ ਬਿਊਰੋ) : ਕੋਵਿਡ-19 ਮਾਮਲਿਆਂ ਵਿੱਚ ਵਾਧਾ ਹੋਣ ਤੋਂ ਬਾਅਦ ਓਨਟਾਰੀਓ ਵੱਲੋਂ ਰੀਓਪਨਿੰਗ ਪਲੈਨ ਲਈ ਅਗਲਾ ਕਦਮ ਚੁੱਕਣ ਉੱਤੇ ਹਾਲ ਦੀ ਘੜੀ ਰੋਕ ਲਾ ਦਿੱਤੀ ਗਈ ਹੈ।

15 ਨਵੰਬਰ ਨੂੰ ਹੋਰਨਾਂ ਹਾਈ ਰਿਸਕ ਸੈਟਿੰਗਜ਼, ਜਿੱਥੇ ਵੈਕਸੀਨੇਸ਼ਨ ਦੇ ਸਬੂਤ ਦੀ ਲੋੜ ਪੈਂਦੀ ਹੈ, ਤੋਂ ਪਾਬੰਦੀਆਂ ਹਟਾਉਣ ਦੀ ਤਿਆਰੀ ਕੀਤੀ ਜਾ ਰਹੀ ਸੀ। ਹੁਣ ਇਸ ਕਦਮ ਨੂੰ 28 ਦਿਨਾਂ ਲਈ ਟਾਲ ਦਿੱਤਾ ਗਿਆ ਹੈ। ਇਨ੍ਹਾਂ ਹਾਈ ਰਿਸਕ ਸੈਟਿੰਗਜ਼ ਵਿੱਚ ਹੇਠ ਲਿਖੀਆਂ ਥਾਂਵਾਂ ਸ਼ਾਮਲ ਸਨ :



- ਖਾਣ ਪੀਣ ਵਾਲੀਆਂ ਥਾਂਵਾਂ, ਜਿੱਥੇ ਨਾਲ ਹੀ ਡਾਂਸ ਫੈਸਿਲਿਟੀਜ਼ ਵੀ ਹੋਣ ਜਿਵੇਂ ਕਿ ਨਾਈਟ ਕਲੱਬ ਤੇ ਵੈਡਿੰਗ ਰਿਸੈਪਸ਼ਨ ਵਾਲੀਆਂ ਥਾਂਵਾਂ, ਮੀਟਿੰਗ/ਈਵੈਂਟ ਸਪੇਸਿਜ਼ ਜਿੱਥੇ ਡਾਂਸਿੰਗ ਦਾ ਵੀ ਪ੍ਰਬੰਧ ਹੋਵੇ

...ਬਾਕੀ ਪੰਨਾ 5 'ਤੇ

## ਕੈਬ ਡਰਾਈਵਰ ਦੇ ਕਤਲ ਲਈ ਲੋੜੀਂਦੇ ਟੀਨੇਜਰ ਦੀ ਪਛਾਣ ਜ਼ਾਹਿਰ ਕਰਨ ਦੀ ਪੁਲਿਸ ਨੂੰ ਹਾਸਲ ਹੋਈ ਨਿਆਂਇਕ ਇਜਾਜ਼ਤ

ਟੋਰਾਂਟੋ, 10 ਨਵੰਬਰ (ਪੋਸਟ ਬਿਊਰੋ): ਟੈਕਸੀ ਡਰਾਈਵਰ ਦੇ ਕਤਲ ਦੇ ਸਬੰਧ ਵਿੱਚ ਦੂਜੀ ਵਾਰੀ ਟੋਰਾਂਟੋ ਪੁਲਿਸ ਨੂੰ ਦੂਜੀ ਵਾਰੀ 17 ਸਾਲਾ ਟੀਨੇਜਰ ਦੀ ਪਛਾਣ ਜ਼ਾਹਿਰ ਕਰਨ ਦੀ ਨਿਆਂਇਕ ਇਜਾਜ਼ਤ ਹਾਸਲ ਹੋ ਗਈ ਹੈ।

ਪੁਲਿਸ ਨੇ ਆਖਿਆ ਕਿ 17 ਸਾਲਾ ਇਸ-ਇਆਹ ਟਵੇਮੈਨ ਦਾ 73 ਸਾਲਾ ਕੈਬ ਡਰਾਈਵਰ ਕ੍ਰਿਸਟੋਫਰ ਜੰਗ ਨੂੰ ਗੋਲੀ ਮਾਰ ਕੇ ਕਤਲ ਕਰਨ ਦੇ ਮਾਮਲੇ ਵਿੱਚ ਕੈਨੇਡਾ ਭਰ ਦਾ ਵਾਰੰਟ ਨਿਕਲਿਆ ਹੋਇਆ ਹੈ ਤੇ ਉਹ ਸੈਕਿੰਡ ਡਿਗਰੀ ਮਰਡਰ ਦੇ ਮਾਮਲੇ ਵਿੱਚ ਵਾਂਟਿਡ ਹੈ। ਜ਼ਿਕਰਯੋਗ ਹੈ ਕਿ ਪੁਲਿਸ ਨੂੰ ਕੈਬ ਡਰਾਈਵਰ ਜੰਗ 24 ਅਕਤੂਬਰ ਨੂੰ ਫਾਰਮੇਸੀ ਐਵਨਿਊ ਤੇ ਐਗਲਿੰਟਨ ਐਵਨਿਊ ਈਸਟ ਵਿੱਚ ਰਾਤੀਂ 8:48 ਉੱਤੇ ਕਈ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ ਸੀ।

ਸ਼ੁਰੂਆਤੀ ਰਿਪੋਰਟਾਂ ਵਿੱਚ ਪੁਲਿਸ ਨੇ ਆਖਿਆ ਸੀ ਕਿ ਜੰਗ ਨੇ ਆਪਣੀ ਕੈਬ ਫੈਂਸ ਵਿੱਚ ਜਾ ਮਾਰੀ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਉਹ ਆਪਣੀ ਕੈਬ ਵਿੱਚ ਕਈ ਗੋਲੀਆਂ ਲੱਗਣ ਕਾਰਨ ਜ਼ਖ਼ਮੀ ਹਾਲਤ ਵਿੱਚ ਮਿਲਿਆ ਸੀ। ਬਾਅਦ ਵਿੱਚ ਹਸਪਤਾਲ ਵਿੱਚ ਉਸ ਦੀ ਮੌਤ ਹੋ ਗਈ। ਕਤਲ ਤੋਂ ਕਈ ਦਿਨ ਬਾਅਦ ਪੁਲਿਸ ਨੇ ਟੀਨੇਜਰ ਦਾ ਨਾਂ ਤੇ ਫੋਟੋ ਜਾਰੀ ਕਰਨ ਲਈ ਨਿਆਂਇਕ ਇਜਾਜ਼ਤ ਮੰਗੀ ਸੀ ਜੋ ਉਨ੍ਹਾਂ ਨੂੰ ਮਿਲ ਵੀ ਗਈ ਪਰ 3 ਨਵੰਬਰ ਨੂੰ ਉਹ ਐਕਸਪਾਇਰ ਹੋ ਗਈ।



ਮੰਗਲਵਾਰ ਨੂੰ ਡਿਟੈਕਟਿਵ ਸਾਰਜੈਂਟ ਹੈਨਰੀ ਮਾਰਸਮੈਨ ਨੇ ਆਖਿਆ ਕਿ ਮਸ਼ਕੂਕ ਨੂੰ ਟਰੈਕ ਕਰਨ ਵਿੱਚ ਅਸਫਲ ਰਹਿਣ ਤੋਂ ਬਾਅਦ ਪੁਲਿਸ ਨੇ ਟੀਨੇਜਰ ਦੀ ਪਛਾਣ ਜਨਤਕ ਕਰਨ ਲਈ ਦੂਜੀ ਬੇਨਤੀ ਫਾਈਲ ਕੀਤੀ ਸੀ। ਉਨ੍ਹਾਂ ਨੂੰ ਹੁਣ ਮਿਲੀ ਨਿਆਂਇਕ ਇਜਾਜ਼ਤ 14 ਨਵੰਬਰ, 2021 ਨੂੰ ਰਾਤੀਂ 12:00 ਵਜੇ ਐਕਸਪਾਇਰ ਹੋਵੇਗੀ ਤੇ ਮਾਰਸਮੈਨ ਨੇ ਆਖਿਆ ਕਿ ਤੀਜੀ ਬੇਨਤੀ ਕੀਤੀ ਹੀ ਨਹੀਂ ਜਾ ਸਕਦੀ।

ਮਾਰਸਮੈਨ ਨੇ ਆਖਿਆ ਕਿ ਮਸ਼ਕੂਕ ਜੰਗ ਦੀ ਕੈਬ ਵਿੱਚ ਪਸੈਂਜਰ ਸੀ ਤੇ ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਜੰਗ ਨੂੰ ਗੋਲੀਆਂ ਮਾਰਨ ਪਿੱਛੇ ਉਸ ਦਾ ਕੀ ਕਾਰਨ ਸੀ। ਪਰ ਗੋਲੀਆਂ ਕੈਬ ਦੇ ਅੰਦਰ ਹੀ ਚਲਾਈਆਂ ਗਈਆਂ। ਉਨ੍ਹਾਂ ਆਖਿਆ ਕਿ ਉਹ ਜਲਦ ਤੋਂ ਜਲਦ ਮਸ਼ਕੂਕ ਨੂੰ ਹਿਰਾਸਤ ਵਿੱਚ ਲੈਣਾ ਚਾਹੁੰਦੇ ਹਨ।

Best Insurance Rates
Life Auto Home Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Aaxel Insurance Brokers Ltd.
1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

INSURANCE
Home Auto
Business Trucking
Life Insurance Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

KELLEY LAW OFFICE
Immigration
Family Law
Corporate
Real Estate
Business Closing
Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੌਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

Locations Woodbridge Mississauga Scarborough
YES! Immigration Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
iccrc Raj Narang Ritu Narang
ਕੇਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10 Etobicoke, ON, M9W 0A2
gill@punjabinsurance.ca
416-724-5000
RANJIT GILL Insurance Advisor
Disability Insurance
Mortgage Insurance
Life Insurance
Visitor Insurance
Travel Insurance
RESP(Education Plan)
Critical Illness Insurance

INSURANCE MART INSURANCE COMPANY
Life Insurance
Critical Illness
Disability
Super Visa
Home and Auto Insurance
Gurdip Gill
(647)767-6665
gurdipgill1@hotmail.ca

Dubai Jewellers
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
North Park & Airport Major Intersection
Gift Prize with Every Purchase
- Repair at no extra cost
- Appraisal Certificate
- Buy, Sell, Trade
Tuesday to Sunday (12-8) (Monday Closed)
Dubai Jewellers
Raj & Gulshan
Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
AvonFinancial Inc. Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Wills & Estates
- Power of Attorney
- Business Law
- Family Law
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

## ਚਾਈਲਡ ਕੇਅਰ ਬਾਰੇ ਫੈਡਰਲ ਸਰਕਾਰ ਨਾਲ ਮਿਊਂਸਪੈਲਿਟੀਜ਼ ਸਾਈਡ ਡੀਲਜ਼ ਨਾ ਕਰਨ

ਕੇਲਡਨ, ਓਨਟਾਰੀਓ, 10 ਨਵੰਬਰ (ਪੋਸਟ ਬਿਊਰੋ) : ਓਨਟਾਰੀਓ ਪ੍ਰੀਮੀਅਰ ਡੱਗ ਫੋਰਡ ਚਾਹੁੰਦੇ ਹਨ ਕਿ ਮਿਊਂਸਪੈਲਿਟੀਜ਼ ਚਾਈਲਡ ਕੇਅਰ ਬਾਰੇ ਉਨ੍ਹਾਂ ਦੀ ਸਰਕਾਰ ਵੱਲੋਂ ਫੈਡਰਲ ਸਰਕਾਰ ਨਾਲ ਡੀਲ ਸਿਰੇ ਚੜ੍ਹਾਉਣ ਦੀ ਉਡੀਕ ਕਰਨ। ਫੋਰਡ ਨੇ ਇਹ ਵੀ ਆਖਿਆ ਕਿ ਉਹ ਨਹੀਂ ਚਾਹੁੰਦੇ ਕਿ ਇਸ ਮਾਮਲੇ ਵਿੱਚ ਮਿਊਂਸਪੈਲਿਟੀਜ਼ ਆਪਣੇ ਵੱਲੋਂ ਕੋਈ ਗੱਲਬਾਤ ਸ਼ੁਰੂ ਕਰਨ।

ਫੋਰਡ ਵੱਲੋਂ ਇਹ ਟਿੱਪਣੀਆਂ ਉਸ ਸਮੇਂ ਕੀਤੀਆਂ ਗਈਆਂ ਜਦੋਂ ਕੁੱਝ ਸਿਟੀ ਕਾਊਂਸਲਜ਼ ਨੇ ਇਹ ਵਿਚਾਰ ਵਟਾਂਦਰਾ ਸ਼ੁਰੂ ਕਰ ਦਿੱਤਾ ਸੀ ਕਿ ਉਹ ਫੈਡਰਲ ਸਰਕਾਰ ਨੂੰ ਰਸਮੀ ਤੌਰ ਉੱਤੇ 10 ਡਾਲਰ ਪ੍ਰਤੀ ਦਿਨ ਦੇ ਹਿਸਾਬ ਨਾਲ ਚਾਈਲਡ ਕੇਅਰ ਸ਼ੁਰੂ ਕਰਨ ਲਈ ਆਖਣ। ਟੋਰਾਂਟੋ ਸਿਟੀ ਕਾਊਂਸਲ ਵੱਲੋਂ ਇਸ ਹਫਤੇ ਇਸ ਮੁੱਦੇ ਉੱਤੇ ਮਤਾ ਲਿਆਉਣ ਬਾਰੇ ਵੀ ਵਿਚਾਰ ਕੀਤਾ ਜਾ ਰਿਹਾ ਸੀ। ਇਸ



ਤੋਂ ਇਲਾਵਾ ਨਾਇਗਰਾ ਰੀਜਨਲ ਕਾਊਂਸਲ ਨੇ ਆਪਣੇ ਸਟਾਫ ਨੂੰ ਇਸ ਸਬੰਧੀ ਬਦਲ ਤਲਾਸ਼ਣ ਲਈ ਆਖ ਦਿੱਤਾ ਸੀ ਤੇ ਹੈਮਿਲਟਨ ਕਾਊਂਸਲਰਜ਼ ਇਸ ਮਹੀਨੇ ਦੇ ਅਖੀਰ ਵਿੱਚ ਇਸ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਤਿਆਰੀ ਕਰ ਰਹੇ ਸਨ।

ਜ਼ਿਕਰਯੋਗ ਹੈ ਕਿ ਫੈਡਰਲ ਲਿਬਰਲ ਸਰਕਾਰ ਨੇ ਸੱਤ ਪ੍ਰੋਵਿੰਸਾਂ ਤੇ ਇੱਕ ਟੈਰੇਟਰੀ ਨਾਲ 30 ਬਿਲੀਅਨ ਡਾਲਰ, ਪੰਜ ਸਾਲ ਲਈ ਚਾਈਲਡ ਕੇਅਰ ਪਲੈਨ ਸਬੰਧੀ ਡੀਲਜ਼ ਕੀਤੀਆਂ ਸਨ ਪਰ ਓਨਟਾਰੀਓ ਵੱਲੋਂ ਅਜੇ ਵੀ ਇਨ੍ਹਾਂ ਉੱਤੇ ਸਾਈਨ ਕੀਤੇ ਜਾਣੇ ਹਨ। ਫੋਰਡ ਨੇ ਆਖਿਆ ਕਿ ਜੇ ਉਹ ਇੱਕਜੁੱਟ ਰਹਿੰਦੇ ਹਨ ਤਾਂ ਪ੍ਰੋਵਿੰਸ ਬਿਹਤਰ ਡੀਲ ਸਿਰੇ ਚੜ੍ਹਾ ਸਕਦੀ ਹੈ। ਉਨ੍ਹਾਂ ਆਖਿਆ ਕਿ ਇਸੇ ਲਈ ਉਹ ਮਿਊਂਸਪੈਲਿਟੀਜ਼ ਨੂੰ ਫੈਡਰਲ ਸਰਕਾਰ ਨਾਲ ਸਾਈਡ ਡੀਲਜ਼ ਨਾ ਕਰਨ ਦੀ ਅਪੀਲ ਕਰ ਰਹੇ ਹਨ ਜਦੋਂ ਪ੍ਰੋਵਿੰਸ ਵੱਲੋਂ ਪਹਿਲਾਂ ਹੀ ਇਸ ਸਬੰਧੀ ਗੱਲਬਾਤ ਕੀਤੀ ਜਾ ਰਹੀ ਹੈ।

## ਵਾਂਟਿਡ ਵਿਅਕਤੀ ਦੇ 8ਵੀਂ ਮੰਜ਼ਿਲ ਤੋਂ ਡਿੱਗਣ ਦੇ ਮਾਮਲੇ ਦੀ ਜਾਂਚ ਕਰ ਰਹੀ ਹੈ ਐਸਆਈਯੂ

ਓਨਟਾਰੀਓ, 10 ਨਵੰਬਰ (ਪੋਸਟ ਬਿਊਰੋ) : ਨੌਰਥ ਯੌਰਕ ਵਿੱਚ ਇੱਕ ਬਿਲਡਿੰਗ ਦੀ ਅੱਠਵੀਂ ਮੰਜ਼ਿਲ ਤੋਂ ਇੱਕ ਵਿਅਕਤੀ ਦੇ ਹੇਠਾਂ ਡਿੱਗਣ ਦੇ ਮਾਮਲੇ ਦੀ ਓਨਟਾਰੀਓ ਪੁਲਿਸ ਵਾਚਡੌਗ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਸਪੈਸ਼ਲ ਇਨਵੈਸਟੀਗੇਟਿੰਗ ਯੂਨਿਟ (ਐਸਆਈਯੂ) ਦਾ ਕਹਿਣਾ ਹੈ ਕਿ ਪੈਰੋਲ ਐਨਫੋਰਸਮੈਂਟ ਸਕੁਐਡ ਵੱਲੋਂ ਬਲੈਕ ਕ੍ਰੀਕ ਡਰਾਈਵ ਤੇ ਵੈਸਟਨ ਰੋਡ ਇਲਾਕੇ ਦੇ ਘਰ ਵਿੱਚ ਇੱਕ ਵਾਂਟਿਡ 32 ਸਾਲਾ ਵਿਅਕਤੀ ਦੀ ਭਾਲ ਕੀਤੀ ਜਾ ਰਹੀ ਸੀ ਜਦੋਂ ਦੁਪਹਿਰੇ 1:30 ਵਜੇ ਉਹ ਕਥਿਤ ਤੌਰ ਉੱਤੇ ਬਿਲਡਿੰਗ ਤੋਂ ਡਿੱਗ ਗਿਆ। ਉਸ ਵਿਅਕਤੀ ਨੂੰ ਫੌਰਨ ਹਸਪਤਾਲ ਲਿਜਾਇਆ ਗਿਆ।

ਐਸਆਈਯੂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਤਿੰਨ ਜਾਂਚਕਾਰਾਂ ਤੇ ਇੱਕ ਫੋਰੈਂਸਿਕ ਜਾਂਚਕਾਰ ਨੂੰ ਇਸ ਮਾਮਲੇ ਦੀ ਜਾਂਚ ਲਈ ਲਾਇਆ ਗਿਆ ਹੈ ਜਦਕਿ ਛੇ ਚਸ਼ਮਦੀਦ ਅਧਿਕਾਰੀਆਂ ਨੂੰ ਵੀ ਨਿਯੁਕਤ ਕੀਤਾ ਗਿਆ ਹੈ। ਇਸ ਸਬੰਧ ਵਿੱਚ ਹੋਰ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਗਈ।

REXDALE BODY SHOP
USED CAR SALE



CHEEMA
LOWEST PRICE IN TOWN
Towing Service Car Paint Starts $799*upto 100% Deductible Paid*
Specialization In:
★ All Kinds of Body Work
★ Auto Glass Windshield
★ Denting, Painting & Welding
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
SPECIAL PAINT JOB $779
RENTAL CAR PROVIDED



25 years of Canadian Experience
OPEN MON - SAT 9AM TO 7PM
Call Rick or Manminder Cheema: 416.749.9596 /416.951.6431
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

## ਘਰਾਂ ਨੂੰ ਸੰਨ੍ਹ ਲਾਉਣ ਵਾਲੇ ਦੋ ਟੀਨੇਜਰਜ਼ ਗ੍ਰਿਫਤਾਰ

ਟੋਰਾਂਟੋ, 10 ਨਵੰਬਰ (ਪੋਸਟ ਬਿਊਰੋ) : ਦਰਹਾਮ ਰੀਜਨਲ ਪੁਲਿਸ ਵੱਲੋਂ ਐਜੈਕਸ ਵਿੱਚ ਘਰਾਂ ਨੂੰ ਸੰਨ੍ਹ ਲਾਉਣ ਵਾਲੇ ਦੋ ਟੀਨੇਜਰਜ਼ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਕੈਰੀਸਨ ਡਰਾਈਵ ਈਸਟ ਤੇ ਹਾਰਵੁੱਡ ਐਵਨਿਊ ਨੌਰਥ ਇਲਾਕੇ ਵਿੱਚ ਇੱਕ ਘਰ ਵਿੱਚ ਰਾਤੀਂ 12:15 ਦਾਖਲ ਹੋਣ ਦੇ ਮਾਮਲੇ ਵਿੱਚ ਇਨ੍ਹਾਂ ਦੋਵਾਂ ਟੀਨੇਜਰਜ਼ ਨੂੰ ਚਾਰਜ ਕੀਤਾ ਗਿਆ ਹੈ।ਪੁਲਿਸ ਨੇ ਆਖਿਆ ਕਿ ਦੋ ਮਸ਼ਕੂਕਾਂ, ਜਿਨ੍ਹਾਂ ਵਿੱਚੋਂ ਇੱਕ ਕੋਲ ਗੰਨ ਵੀ ਸੀ, ਦੇ ਇੱਕ ਘਰ ਵਿੱਚ ਦਾਖਲ ਹੋਣ, ਦੋ ਲੋਕਾਂ ਨੂੰ ਬੰਦੀ ਬਣਾਉਣ ਤੇ ਕਈ ਆਈਟਮਾਂ ਚੋਰੀ ਕਰਨ ਤੋਂ ਬਾਅਦ ਉਨ੍ਹਾਂ ਨੂੰ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਮਸ਼ਕੂਕ ਰਿਹਾਇਸ਼ੀ ਇਲਾਕੇ ਵਿੱਚੋਂ ਭੱਜ ਨਿਕਲੇ ਤੇ ਬਾਅਦ ਵਿੱਚ ਉਨ੍ਹਾਂ ਨੂੰ ਇਸ ਇਲਾਕੇ ਦੇ ਨੇੜਿਓਂ ਗ੍ਰਿਫਤਾਰ ਕਰ ਲਿਆ ਗਿਆ।


ਪੁਲਿਸ ਨੇ ਦੱਸਿਆ ਕਿ ਟੋਰਾਂਟੋ ਦੇ 16 ਸਾਲਾਂ ਦੇ ਦੋ ਲੜਕਿਆਂ ਨੂੰ ਸਾਂਝੇ ਤੌਰ ਉੱਤੇ 39 ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਉੱਤੇ ਲਾਏ ਗਏ ਦੋਸ਼ਾਂ ਵਿੱਚ ਡਾਕਾ, ਘਰਾਂ ਵਿੱਚ ਚੋਰੀ ਦਾਖਲ ਹੋਣ, ਧੱਕੇ ਨਾਲ ਲੋਕਾਂ ਨੂੰ ਬੰਦੀ ਬਣਾਉਣ, ਧਮਕੀਆਂ ਦੇਣ, 5000 ਡਾਲਰ ਤੋਂ ਘੱਟ ਦੀ ਚੋਰੀ, ਪ੍ਰਾਪਰਟੀ ਨੂੰ ਨੁਕਸਾਨ ਪਹੁੰਚਾਉਣ ਤੇ ਹਥਿਆਰ ਰੱਖਣ ਵਰਗੇ ਦੋਸ਼ ਸ਼ਾਮਲ ਹਨ।ਦੋਵਾਂ ਦੀ ਜ਼ਮਾਨਤ ਦੀ ਸੁਣਵਾਈ ਅਜੇ ਹੋਣੀ ਹੈ।

Great Invetsment Opportunity
In The Region of Timminis,ON
8 ACRE OF lAND CAN BE SEVERD IN TWO LOTS OF 4 ACRE
Apartment Building For Sale:

| 4 units 3 bedroom | 2 units 1 bedroom | 1 unit bachelor |
|---|---|---|








For More Details Call: 416-970-5005/647-242-8667



Jas Toor
Sales Repersentative
Sutton
Sutton Group-Realty Experts
Brokerage*

Jagdish Grewal
Sales Repersentative
Century 21
President Realty Inc.
Brokerage*



## ਅੱਜ ਨਾਮਾ

ਪਾਰਟੀ ਆਪ ਨੂੰ ਛੋੜ ਵਿਧਾਇਕ ਬੀਬੀ,
ਕਾਂਗਰਸ ਨਾਲ ਜਾ ਦੌੜ ਕੇ ਰਲ਼ੀ ਮੀਆਂ।
ਭੰਡਦੀ ਰਹੀ ਸੀ ਗੀ ਜਿਹੜੀ ਪਾਰਟੀ ਨੂੰ,
ਆਖਰ ਲੱਭ ਲਈ ਓਸੇ ਦੀ ਗਲ਼ੀ ਮੀਆਂ।
ਜਿਹੜੇ ਲੋਕਾਂ ਨੇ ਕੀਤਾ ਵਿਸ਼ਵਾਸ ਸੀ ਗਾ,
ਬੀਬੀ ਕਾਲਖ ਵਿਸ਼ਵਾਸ'ਤੇ ਮਲ਼ੀ ਮੀਆਂ।
ਜਿਹੜੀ ਪਾਰਟੀ ਦਾ ਜਪਦੀ ਨਾਮ ਸੀ ਗੀ,
ਉਹਨੂੰ ਠਿੱਬੀ ਨਾ ਮਾਰਨ ਤੋਂ ਟਲ਼ੀ ਮੀਆਂ।
ਕੱਚੇ-ਪਿੱਲੇ ਨਹੀਂ ਓਧਰ ਵੀ ਕਾਂਗਰਸੀਏ,
ਟਿਕਟਾਂ ਮਿਲਣ ਦੀ ਸੌਖੜੀ ਆਸ ਨਾਹੀਂ।
ਇੱਕ-ਇੱਕ ਅਨਾਰ ਦੇ ਸੌ ਬੀਮਾਰ ਜਿੱਥੇ,
ਕਰਦਾ ਕਿਸੇ ਦਾ ਕੋਈ ਵਿਸ਼ਵਾਸ ਨਾਹੀਂ।

**ਤੀਸ ਮਾਰ ਖਾਂ**

# ਫਿਰੋਜ਼ਪੁਰ ਵਿੱਚ ਅਕਾਲੀ ਆਗੂਆਂ ਅਤੇ ਕਿਸਾਨਾਂ ਵਿਚਾਲੇ ਲਖੀਮਪੁਰ ਖੀਰੀ ਬਣਦਾ-ਬਣਦਾ ਬਚਿਆ

### *ਅਕਾਲੀਆਂ ਵੱਲੋਂ ਦੋਸ਼: ਨੋਨੀ ਮਾਨ ਉੱਤੇ ਫਾਇਰਿੰਗ ਕੀਤੀ ਗਈ * ਕਿਸਾਨ ਮੋਰਚੇ ਨੇ ਕਿਹਾ: ਅਕਾਲੀਆਂ ਨੇ ਕਿਸਾਨ ਕੁਚਲੇ, ਗੋਲੀ ਚਲਾਈ

ਫਿਰੋਜ਼ਪੁਰ, 10 ਨਵੰਬਰ, (ਪੋਸਟ ਬਿਊਰੋ)- ਇਸ ਜ਼ਿਲੇ ਵਿੱਚ ਪੰਜਾਬ ਵਿਧਾਨ ਸਭਾ ਦੇ ਹਲਕਾ ਗੁਰੂ ਹਰਸਹਾਏ ਲਈ ਅਕਾਲੀ ਦਲ ਦੇ ਉਮੀਦਵਾਰ ਵਰਦੇਵ ਸਿੰਘ ਨੋਨੀ ਮਾਨ ਅਤੇ ਕਿਸਾਨ ਆਗੂਆਂ ਵਿਚਾਲੇ ਝੜਪ ਕਾਰਨ ਅੱਜ ਪੰਜਾਬ ਵਿੱਚ ਵੀ ਲਖੀਮਪੁਰ ਖੀਰੀ ਦੀ ਘਟਨਾ ਨੂੰ ਦੁਹਰਾਉਣ ਵਾਲੀ ਬਣਦੀ ਮਸਾਂ ਬਚੀ ਹੈ। ਇਸ ਪਿੱਛੋਂ ਅਕਾਲੀ ਆਗੂਆਂ ਤੇ ਸੰਯੁਕਤ ਕਿਸਾਨ ਮੋਰਚੇ ਨੇ ਇੱਕ-ਦੂਸਰੇ ਉੱਤੇ ਦੋਸ਼ ਲਾਏ ਅਤੇ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

ਪਤਾ ਲੱਗਾ ਹੈ ਕਿ ਚੋਣ ਪ੍ਰਚਾਰ ਦੌਰਾਨਅਕਾਲੀ ਉਮੀਦਵਾਰ ਵਰਦੇਵ ਸਿੰਘ ਨੋਨੀ ਮਾਨ ਦਾ ਕਿਸਾਨਾਂ ਨੇ ਘੇਰਾਓ ਕੀਤਾ ਤੇ ਕਿਸਾਨਾਂ ਦੀਆਂ ਮੰਗਾਂ ਬਾਰੇ ਸਵਾਲਾਂ ਦਾ ਜਵਾਬ ਦੇਣ ਨੂੰ ਕਿਹਾ ਸੀ। ਕਿਸਾਨ ਕਾਲੀਆਂ ਝੰਡੀਆਂ ਨਾਲ ਜਦੋਂ ਕਾਰ ਘੇਰ ਕੇ ਖੜੇ ਸਨ ਤੇ ਅਕਾਲੀ ਆਗੂ ਜਵਾਬ ਦੇਣ ਦੀ ਬਜਾਏ ਕਾਰ ਅੱਗੇ ਤੋਰਨਾ ਚਾਹੁੰਦੇ ਸਨ ਤਾਂ ਇੱਕ ਕਿਸਾਨ ਕਾਰ ਦੇ ਬੋਨੇਟ ਉੱਤੇ ਚੜ੍ਹ ਗਿਆ। ਇਸ ਪਿੱਛੋਂ ਅਕਾਲੀ ਆਗੂਆਂ ਦੇ ਕਾਰ ਡਰਾਈਵਰ ਨੇ ਕਾਰ ਭਜਾ ਲਈ ਤੇ ਉਸ ਕਾਰ ਦੇ ਬੋਨੇਟ ਉੱਤੇ ਟੰਗਿਆ ਕਿਸਾਨ ਕਰੀਬ ਇੱਕ ਕਿਲੋਮੀਟਰ ਉਸ ਨਾਲ ਲਟਕਦਾ ਗਿਆ। ਇਸ ਤੋਂ ਪਹਿਲਾਂ ਕਿਸਾਨਾਂ ਨੇਦੌੜਨ ਲੱਗੀ ਕਾਰ ਨੂੰ ਘੇਰ ਕੇ ਭੰਨਤੋੜ ਵੀ ਕੀਤੀ ਸੀ। ਇਹ ਘਟਨਾ ਦੇ ਬਾਅਦ ਦੋਵਾਂ ਧਿਰਾਂ ਨੇਇੱਕ-ਦੂਸਰੇ ਉੱਤੇ ਫਾਇਰਿੰਗ ਕਰਨ ਦੇ ਦੋਸ਼ ਲਾਏ ਹਨ ਅਤੇ ਕੁਝ ਕਿਸਾਨ ਜ਼ਖਮੀ ਹੋਏ ਵੀ ਦੱਸੇ ਗਏ ਹਨ।

ਅਕਾਲੀ ਆਗੂਆਂ ਨੇ ਕਿਹਾ ਹੈ ਕਿ ਉਨ੍ਹਾਂ ਉੱਤੇ ਫਾਇਰਿੰਗ ਕੀਤੀ ਗਈ ਹੈ, ਜਿਸਵਿੱਚ ਉਹ ਬਹੁਤਮੁਸ਼ਕਲ ਨਾਲ ਵਾਲ-ਵਾਲ ਬਚੇ ਹਨ। ਇਸ ਬਾਰੇ ਸੁਣ ਕੇ ਪਾਰਲੀਮੈਂਟ ਮੈਂਬਰ ਹਰਸਿਮਰਤ ਕੌਰ ਬਾਦਲ ਆਪਣੇ ਸਾਰੇ ਪ੍ਰੋਗਰਾਮ ਰੱਦ ਕਰਕੇ ਫਿਰੋਜ਼ਪੁਰ ਦੇ ਜ਼ਿਲਾ ਪੁਲਸ ਮੁਖੀ ਦੇ ਦਫਤਰ ਪਹੁੰ-ਚੇ।ਇਹ ਵੀ ਕਿਹਾ ਜਾ ਰਿਹਾ ਹੈ ਕਿ ਹਰਸਿਮਰਤ ਕੌਰ ਬਾਦਲ ਇਸ ਘਟਨਾ ਸਮੇਂ ਮੌਜੂਦ ਸਨ ਅਤੇ ਕਿਸਾਨ ਆਗੂ ਉਨ੍ਹਾਂ ਦਾ ਵਿਰੋਧ ਹੀ ਕਰਦੇ ਤੇ ਕਾਲੀਆਂ ਝੰਡੀਆਂ ਵਿਖਾ ਕੇ ਪੁੱਛ ਰਹੇ ਸਨ ਕਿ ਉਹ ਪਿਛਲੇ





ਢਾਈ ਸਾਲ ਕਿੱਥੇ ਸਨ।ਇਸ ਮੌਕੇ ਕਿਸਾਨਾਂ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਵੀ ਭਗੌੜਾ ਆਖਿਆ ਸੀ, ਜਿਸ ਕਾਰਨ ਮਾਹੌਲ ਤਲਖੀ ਵਾਲਾ ਹੋ ਗਿਆ ਸੀ। ਅਕਾਲੀ ਆਗੂ ਕਹਿੰਦੇ ਹਨ ਕਿ ਕਾਂਗਰਸ ਦੀ ਇਹ ਸਾਜ਼ਿਸ਼ਰਾਰਤ ਸੀ ਤੇ ਕਾਂਗਰਸੀ ਆਗੂ ਜਾਣ-ਬੁੱਝ ਕੇ ਅਕਾਲੀ ਦਲ ਦੇ ਪ੍ਰੋਗਰਾਮਾਂ ਵਿੱਚ ਵਿਘਨ ਪਾ ਰਹੇ ਹਨ।

ਦੂਸਰੇ ਪਾਸੇ ਸੰਯੁਕਤ ਕਿਸਾਨ ਮੋਰਚੇ ਨੇ ਫਿਰੋਜ਼ਪੁਰ ਦੀ ਘਟਨਾ ਦੀ ਸਖਤ ਨਿੰਦਾ ਕਰਦੇ ਹੋਏ ਇਸ ਦੀ ਤੁਲਨਾ ਉਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਵਿੱਚ ਬੀਤੇ ਤਿੰਨ ਅਕਤੂਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਤੇ ਭਾਜਪਾ ਆਗੂ ਦੇ ਪੁੱਤਰ ਵੱਲੋਂ ਕਿਸਾਨਾਂ ਨੂੰ ਜੀਪ ਹੇਠ ਕੁਚਲਣ ਨਾਲ ਕੀਤੀ ਹੈ।ਕਿਸਾਨ ਮੋਰਚੇ ਨੇ ਕਿਹਾ ਕਿ ਫਿਰੋਜ਼ਪੁਰ ਵਿੱਚ ਅਕਾਲੀ ਆਗੂਆਂ ਨੇ ਵੀ ਲਖੀਮਪੁਰ ਖੀਰੀ ਵਾਂਗ ਕਿਸਾਨਾਂ ਉੱਤੇ ਗੋਲੀਆਂ ਚਲਾਈਆਂ ਅਤੇ ਆਪਣੀਆਂ ਕਾਰਾਂ ਹੇਠ ਮਿੱਧ ਕੇ ਪੰਜ ਕਿਸਾਨਾਂ ਨੂੰ ਜ਼ਖਮੀ ਕਰਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਇੱਕ ਕਿਸਾਨ ਆਗੂ ਨੂੰ ਅਕਾਲੀ ਆਗੂ ਆਪਣੀ ਕਾਰ ਦੇ ਬੋਨੇਟ ਉੱਤੇ ਟੰਗ ਕੇ ਇੱਕ ਕਿਲੋਮੀਟਰ ਤੱਕ ਘੜੀਸਦੇ ਲੈ ਗਏ ਸਨ। ਉਨ੍ਹਾਂ ਮੁਤਾਬਕ ਅਕਾਲੀ ਪਾਰਲੀਮੈਂਟਮੈਂਬਰ ਹਰਸਿਮਰਤ ਕੌਰ ਬਾਦਲ ਓਥੇ ਇੱਕ ਸਮਾਗਮ ਵਿੱਚ ਸ਼ਾਮਲ ਹੋਣ ਗਏ ਤਾਂ ਉਨ੍ਹਾਂ ਨੂੰ ਸਵਾਲ ਪੁੱਛਣ ਲਈ ਕਿਸਾਨ ਇਕੱਠੇ ਹੋਏ ਸਨ। ਬੀਬੀ ਬਾਦਲ ਨੇ ਕਿਸਾਨਾਂ ਨਾਲ ਇਸ ਪ੍ਰੋਗਰਾਮ ਹੋਣ ਦੇ ਬਾਅਦ ਮਿਲਣ ਦਾ ਵਾਅਦਾ ਕੀਤਾ, ਪਰ ਬਾਅਦ ਵਿੱਚ ਜਦੋਂ ਕਿਸਾਨਾਂ ਨੇ ਮਿਲਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇਨਾਂਹ ਕਰ ਦਿੱਤੀ ਅਤੇ ਸਾਬਕਾ ਅਕਾਲੀਵਿਧਾਇਕ ਨੋਨੀ ਮਾਨ ਨੇ ਕਿਸਾਨਾਂ ਨੂੰ ਗੱਡੀ ਨਾਲ ਕੁਚਲਣ ਦੀ ਕੋਸ਼ਿਸ਼ ਕੀਤੀ।ਕਿਸਾਨ ਮੋਰਚੇ ਨੇ ਦੋਸ਼ ਲਾਇਆ ਹੈ ਕਿ ਕਿਸਾਨ ਆਗੂ ਹਰਨੇਕ ਸਿੰਘ ਮਹਿਮਾ ਨੂੰ ਅਕਾਲੀ ਆਗੂਆਂ ਨੇ ਗੱਡੀ ਨਾਲ ਇੱਕ ਕਿਲੋਮੀਟਰ ਤੋਂ ਵੱਧ ਘਸੀਟਿਆ ਤੇ ਕਿਸਾਨਾਂ ਉੱਤੇ ਗੋਲੀਆਂ ਵੀ ਚਲਾਈਆਂ ਹਨ।ਕਿਸਾਨ ਮੋਰਚੇ ਨੇ ਇਸ ਵਾਰਦਾਤ ਲਈ ਅਕਾਲੀ ਆਗੂਆਂ ਦੇ ਖਿਲਾਫ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ।

# 'ਆਪ' ਵਿਧਾਇਕ ਰੁਪਿੰਦਰ ਕੌਰ ਰੂਬੀ ਨੇ 'ਝਾੜੂ' ਛੱਡ ਕੇ ਕਾਂਗਰਸ ਦਾ 'ਹੱਥ' ਫੜਿਆ

ਚੰਡੀਗੜ੍ਹ, 10 ਨਵੰਬਰ, (ਪੋਸਟ ਬਿਊਰੋ)- ਬਠਿੰਡਾ ਦਿਹਾਤੀ ਹਲਕੇ ਤੋਂ ਵਿਧਾਇਕਾ ਰੁਪਿੰਦਰ ਕੌਰ ਰੂਬੀ ਆਮ ਆਦਮੀ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇਣ ਪਿੱਛੋਂ ਅੱਜ ਕਾਂਗਰਸਵਿੱਚ ਸ਼ਾਮਲ ਹੋ ਗਈ ਹੈ।

ਵਰਨਣ ਯੋਗ ਹੈ ਕਿ ਬਠਿੰਡਾ ਦਿਹਾਤੀ ਤੋਂ ਵਿਧਾਇਕਾ ਰੁਪਿੰਦਰ ਕੌਰ ਰੂਬੀ ਨੇ ਸੋਸ਼ਲ ਮੀਡੀਆ ਉੱਤੇਮੰਗਲਵਾਰ ਦੇਰ ਰਾਤ ਆਪਣਾ ਅਸਤੀਫਾ ਪਾ ਕੇ ਪਾਰਟੀ ਦੇ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਪ੍ਰਧਾਨ ਭਗਵੰਤ ਮਾਨ ਨੂੰ ਅਸਤੀਫਾ ਮਨਜ਼ੂਰ ਕਰਨ ਲਈ ਕਿਹਾ ਸੀ।ਜਾਣਕਾਰ ਸੂਤਰਾਂ ਮੁਤਾਬਕ ਅਸਤੀਫ਼ਾ ਦੇਣ ਤੋਂ ਪਹਿਲਾਂ ਰੁਪਿੰਦਰ ਕੌਰ ਰੂਬੀ ਨੇ ਪੰਜਾਬ ਦੇ



ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਕਾਂਗਰਸ ਦੇ ਹੋਰ ਸੀਨੀਅਰ ਲੀਡਰਾਂ ਨਾਲ ਮੁਲਾਕਾਤ ਕੀਤੀ ਸੀ, ਜਿਸ ਨਾਲ ਚਰਚਾ ਛਿੜ ਗਈ ਸੀ ਕਿ ਕਾਂਗਰਸ ਵਿੱਚਜਾ ਸਕਦੀ ਹੈ। ਅੱਜ ਚੰਡੀਗੜ੍ਹਵਿੱਚ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਰੁਪਿੰਦਰ ਰੂਬੀ ਨੂੰ ਕਾਂਗਰਸ ਵਿੱਚ ਸ਼ਾਮਲ ਕੀਤਾ ਗਿਆ ਤਾਂ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘਸਿੱਧੂ, ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਅਤੇ ਟਰਾਂਸਪੋਰਟ ਮੰਤਰੀ ਅਮਰਿੰਦਰ ਸਿੰਘ ਰਾਜਾ ਵੜਿੰਗ ਸਣੇ ਕਾਂਗਰਸ ਦੇ ਕਈ ਲੀਡਰਾਂ ਨੇ ਉਸ ਦਾ ਸਵਾਗਤ ਕੀਤਾ ਹੈ।

ਜਾਣਕਾਰ ਦੱਸਦੇ ਹਨ ਕਿ ਲੰਬੇ ਸਮੇਂ ਤੋਂ ਰੁਪਿੰਦਰ ਕੌਰ ਰੂਬੀਆਪਣੇ ਇਲਾਕੇ ਵਿੱਚ ਸਰਗਰਮ ਨਹੀਂ ਸੀ ਅਤੇ ਨਾ ਕਿਸੇ ਪਾਰਟੀ ਪ੍ਰੋਗਰਾਮ ਜਾਂਦੀ ਸੀ। ਉਸ ਦੇ ਅਸਤੀਫੇ ਪਿੱਛੋਂਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਰੂਬੀ ਨੂੰ ਆਮ ਆਦਮੀ ਪਾਰਟੀ ਦੀ ਟਿਕਟ ਮਿਲਣ ਦੇ ਚਾਂਸ ਨਾ ਰਹਿਣ ਕਾਰਨ ਕਾਂਗਰਸ ਵਿੱਚ ਸ਼ਾਮਲ ਹੋਈ ਹੈ। ਹਰਪਾਲ ਸਿੰਘ ਚੀਮਾ ਨੇ ਟਵੀਟ ਕੀਤਾ, 'ਰੁਪਿੰਦਰ ਰੂਬੀ ਸਾਡੀ ਛੋਟੀ ਭੈਣ ਹੈ, ਜਿੱਥੇ ਜਾਵੇ, ਖੁਸ਼ ਰਹੇ। ਇਸ ਵਾਰ ਉਨ੍ਹਾਂ ਨੂੰ ਆਪ ਪਾਰਟੀ ਤੋਂ ਟਿਕਟ ਮਿਲਣ ਦੇ ਚਾਂਸ ਨਹੀਂ ਸਨ, ਇਸ ਲਈ ਕਾਂਗਰਸ ਜਾਇਨ ਕਰ ਰਹੇ ਹਨ। ਕਾਂਗਰਸ ਨੂੰ ਬੇਨਤੀ ਹੈ ਕਿ ਰੂਬੀ ਨਾਲ ਧੋਖਾ ਨਾ ਕਰਨ ਤੇ ਬਠਿੰਡਾ ਦਿਹਾਤੀ ਤੋਂ ਉਨ੍ਹਾਂ ਨੂੰ ਟਿਕਟ ਜ਼ਰੂਰ ਦੇਣ।'

# ਅੱਠ ਦੇਸ਼ਾਂ ਦਾ ਐਲਾਨ: ਅਫ਼ਗਾਨਿਸਤਾਨ ਨੂੰ ਅੱਤਵਾਦ ਦੀ ਠਾਹਰ ਨਹੀਂ ਬਣਨ ਦੇਵਾਂਗੇ

ਨਵੀਂ ਦਿੱਲੀ, 10 ਨਵੰਬਰ, (ਪੋਸਟ ਬਿਊਰੋ)- ਈਰਾਨ ਤੋਂ ਇਲਾਵਾ ਮੱਧ ਏਸ਼ੀਆ ਦੇ ਪੰਜ ਦੇਸ਼ਾਂ ਨੇ ਅਫ਼ਗਾਨਿਸਤਾਨ ਦੇ ਮੌਜੂਦਾ ਸਿਆਸੀ ਹਾਲਤ ਉੱਤੇਅੱਜ ਬੁੱਧਵਾਰ ਨੂੰ ਦਿੱਲੀ ਵਿੱਚ ਮਿਲ ਕੇ ਨਾ ਸਿਰਫ਼ ਗੰਭੀਰ ਚਿੰਤਾ ਪ੍ਰਗਟਾਈ, ਸਗੋਂਉਸ ਦੇਸ਼ ਤੋਂਅੱਤਵਾਦ, ਕੱਟੜਤਾ ਅਤੇ ਨਸ਼ੀਲੀਆਂ ਦਵਾਈਆਂ ਦੇ ਧੰਦੇ ਨੂੰ ਦੂਸਰੇ ਦੇਸ਼ਾਂਵਿੱਚਫੈਲਾਏ ਜਾਣ ਨੂੰ ਲਗਾਮ ਲਾਉਣ ਦੀ ਲੋੜ ਦੱਸੀ ਹੈ। ਉਨ੍ਹਾਂ ਨੇ ਪ੍ਰਣ ਕੀਤਾ ਕਿ ਅਫ਼ਗਾਨਿਸਤਾਨ ਸੰਸਾਰਅੱਤਵਾਦ ਦਾਸੁਰੱਖਿਅਤ ਅੱਡਾ ਨਾ ਬਣ ਸਕੇ।ਅੱਠਾਂ ਦੇਸ਼ਾਂ ਨੇ ਕਾਬੁਲਵਿੱਚ ਖੁੱਲ੍ਹੀ ਤੇ ਸਹੀ ਅਰਥਾਂਵਿੱਚ ਮਿਲੀ ਜੁਲੀ ਸਰਕਾਰ ਬਣਾਉਣ ਦਾ ਵੀ ਸੱਦਾ ਦਿੱਤਾ।

ਅਫ਼ਗਾਨਿਸਤਾਨ ਬਾਰੇਅੱਜ ਬੁੱਧਵਾਰ ਨੂੰ ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕ-ਾਰ(ਐੱਨਐੱਸਏ) ਅਜੀਤ ਡੋਭਾਲ ਦੀ ਪ੍ਰਧਾਨਗੀ ਹੇਠ ਹੋਈਅੱਠ ਦੇਸ਼ਾਂ ਦੇ ਐੱਨਐੱਸ ਏਜ਼ ਦੀ ਬੈਠਕ (ਦਿੱਲੀ ਡਾਇਲਾਗ) ਵਿੱਚ ਰੂਸ, ਈਰਾਨ, ਉਜ਼ਬੇਕਿਸਤਾਨ, ਤੁਰਕਮੇਨਿਸਤਾਨ, ਕਿਰਗੀਸਤਾਨ, ਕਜ਼ਾਕਿਸਤਾਨ ਤੇ ਤਜਾਕਿਸਤਾਨ ਦੇ ਪ੍ਰਤੀਨਿਧ ਸ਼ਾਮਲ ਹੋਏ। ਇਸ ਤੋਂ ਬਾਅਦ ਜਾਰੀ ਐਲਾਨ ਪੱਤਰਵਿੱਚ ਸਭ ਤੋਂ ਖਾਸਗੱਲ ਇਹ ਸੀ ਕਿ ਭਾਰਤ ਦੇ ਇਸ ਵਿਚਾਰ ਨੂੰ ਮੰਨਿਆ ਗਿਆ ਕਿ ਅਫ਼ਗਾਨਿਸਤਾਨ ਦੀ ਜ਼ਮੀਨ ਦੀ ਵਰਤੋਂ ਕਿਸੇ ਵੀ ਤਰ੍ਹਾਂ ਦੀਆਂ ਅੱਤਵਾਦੀ ਸਰਗਰਮੀਆਂ ਦੇ ਲਈ ਨਹੀਂ ਹੋਣੀ ਚਾਹੀਦੀ ਤੇ ਅੱਤਵਾਦੀਆਂ ਨੂੰ ਸ਼ਹਿ ਦੇਣ ਜਾਂ ਉਨ੍ਹਾਂ ਨੂੰ ਸਿਖਲਾਈ ਦੇਣ ਜਾਂ ਉਨ੍ਹਾਂ ਨੂੰ ਫੰਡਿੰਗ ਉੱਥੋਂ ਨਹੀਂ ਹੋਣੀ ਚਾਹੀਦੀ। ਐਲਾਨ ਪੱਤਰਵਿੱਚ ਅਫ਼ਗਾਨਿਸਤਾਨ ਦੇ ਕਈ ਹਿੱਸਿਆਂਵਿੱਚਅੱਤਵਾਦੀ ਵਾਰਦਾਤਾਂ ਦੀ ਨਿੰਦਾਕਰਦੇ ਹੋਏ ਇਨ੍ਹਾਂ ਦੇਸ਼ਾਂ ਨੇ ਕਿਹਾ ਹੈ ਕਿ ਉਹ ਹਰ ਤਰ੍ਹਾਂ ਦੀ ਅੱਤਵਾਦੀ ਵਾਰਦਾਤ ਦੀ ਨਿੰਦਾ ਤੇ ਅੱਤਵਾਦ ਦਾਵਿਰੋਧ ਕਰਦੇ ਹਨ। ਉਨ੍ਹਾਂ ਨੇ ਉਹ ਹਰ ਕਦਮ ਚੁੱਕਣ ਦੀ ਅਪੀਲ ਕੀਤੀ ਜਿਸ ਨਾਲ ਅਫ਼ਗਾਨਿਸਤਾਨ ਸੰਸਾਰਅੱਤਵਾਦ ਦੀ ਸੁਰੱਖਿਅਤ ਠਾਹਰ ਬਣਨੋਂ ਰੋਕਿਆ ਜਾ ਸਕੇ। ਅੱਜ ਦੇ 'ਦਿੱਲੀ ਐਲਾਨਨਾਮੇ' ਵਿੱਚ ਪਾਕਿਸਤਾਨ ਨੂੰ ਅਸਿੱਧਾ ਸੰਦੇਸ਼ ਰਾਹੀਂ ਅਫ਼ਗਾਨਿਸਤਾਨ ਦੀ ਖ਼ੁਦਮੁਖ਼ਤਾਰ ਏਕਤਾ ਅਤੇ ਖੇਤਰੀ ਅਖੰਡਤਾ ਦਾ ਸਨਮਾਨ ਕਰਨ ਤੇ ਉਸ ਦੇ ਅੰਦਰੂਨੀ ਮਾਮਲਿਆਂਵਿੱਚ ਦਖ਼ਲ ਨਾ ਦੇਣ ਦੀ ਲੋੜ ਉੱਤੇ ਵੀ ਜ਼ੋਰ ਦਿੱਤਾ ਗਿਆ ਤੇ ਕਾਬੁਲਵਿੱਚ ਅਜਿਹੀ ਸਰਕਾਰ ਬਣਾਉਣ ਦੀ ਅਪੀਲ ਕੀਤੀ ਗਈ, ਜਿਸਵਿੱਚ ਉੱਥੋਂ ਦੇ ਸਾਰੇ ਭਾਈਚਾਰਿਆਂ ਨੂੰ ਨੁਮਾਇੰਦਗੀ ਮਿਲੇ ਤੇ ਜਿਹੜੀ ਜਨਤਾ ਦੀ ਭਾਵਨਾ ਮੁਤਾਬਕ ਹੋਵੇ।ਉੱਥੇ ਘੱਟ ਗਿਣਤੀਆਂ, ਬੱਚਿਆਂ ਤੇ ਔਰਤਾਂ ਦੇ ਮੌਲਿਕ ਅਧਿਕਾਰਾਂ ਦੀ ਰੱਖਿਆ ਕਰਨ ਦੀ ਮੰਗ ਵੀ ਕੀਤੀ ਗਈ ਹੈ।

# ਕੈਪਿਟਲ ਹਿੱਲ ਹਿੰਸਾ: ਜਾਂਚ ਮੁਤਾਬਕ ਟਰੰਪ ਦੇ ਅਧਿਕਾਰੀਆਂ ਨੇ ਵਾਰ-ਵਾਰ ਹੈਚ ਕਾਨੂੰਨ ਦੀ ਉਲੰਘਣਾ ਕੀਤੀ

### * ਪ੍ਰਿੰਸ ਹੈਰੀ ਕਹਿੰਦਾ: ਹਿੰਸਾ ਤੋਂ ਪਹਿਲਾਂ ਟਵਿੱਟਰ ਨੂੰ ਚਿਤਾਵਨੀ ਦਿੱਤੀ ਸੀ

ਨਿਊਯਾਰਕ, 10 ਨਵੰਬਰ, (ਪੋਸਟ ਬਿਊਰੋ)- ਅਮਰੀਕਾ ਵਿੱਚ ਪਿਛਲੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਚੋਣ ਹਾਰਨ ਦੇ ਬਾਅਦ ਨਵੇਂ ਰਾਸ਼ਟਰਪਤੀ ਜੋਅ ਬਾਇਡੇਨ ਨੂੰ ਪਾਰਲੀਮੈਂਟ ਦੀ ਪ੍ਰਵਾਨਗੀ ਰੋਕਣ ਲਈ ਪਾਰਲੀਮੈਂਟ ਹਾਊਸ, ਕੈਪੀਟਲ ਹਿੱਲ ਉੱਤੇ ਭੀੜੇ ਦੇ ਹਮਲੇ ਵਿੱਚ ਟਰੰਪ ਟੀਮ ਉੱਤੇ ਨਵੇਂ ਦੋਸ਼ ਸਾਹ-ਮਣੇ ਆਉਣ ਲੱਗੇ ਹਨ।

ਇਸੇ ਸਾਲ ਜਨਵਰੀ ਦੇ ਪਹਿਲੇ ਹਫਤੇਕੈਪੀਟਲ ਹਿੱਲ ਉੱਤੇ ਭੀੜ ਵੱਲੋਂ ਕੀਤੇ ਹਮਲੇ ਦੀ ਫੈਡਰਲ ਜਾਂਚ ਟੀਮ ਦੀ ਰਿਪੋਰਟ ਮੁਤਾਬਕ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਜਵਾਈ ਜੇਰੇਡ ਕੁਸ਼ਨਰ ਅਤੇ ਟਰੰਪ ਦੀ ਸਰਕਾਰ ਦੇ ਇੱਕ ਮੰਤਰੀ ਮਾਈਕ ਪੌਂਪੀਓ ਸਮੇਤ ਟਰੰਪ ਸਰਕਾਰ ਦੇ ਘੱਟੋ-ਘੱਟ 13 ਸਾਬਕਾ ਅਧਿਕਾਰੀਆਂ ਨੇ ਚੋਣ ਪ੍ਰਚਾਰ ਸਰਕਾਰੀ ਕੰਮਾਂ ਨਾਲ ਜੋੜ ਕੇ ਚੋਣ ਕਾਨੂੰਨ ਦਾ ਉਲੰਘਣਾ ਕੀਤਾਸੀ। ਬੀਤੇਮੰਗਲਵਾਰ ਨੂੰ ਵਿਸ਼ੇਸ਼ ਵਕੀਲ ਦੇ ਦਫ਼ਤਰ ਤੋਂ ਜਾਰੀ ਹੋਈ ਰਿਪੋਰਟ ਵਿੱਚਲਿਖਿਆ ਹੈ ਕਿ ਅਧਿਕਾਰੀਆਂ ਨੇ ਪ੍ਰਸ਼ਾਸਨ ਦੀ ਮਨਜ਼ੂਰੀ ਨਾਲ ਚੋਣ ਨਤੀਜੇਦੀ ਵਿਚਾਰ ਤੋਂ ਬਿਨਾਂ ਕਾਨੂੰਨ ਤੋੜਿਆ ਤੇ ਜਾਣ-ਬੁੱਝ ਕੇ ਹੈਚ ਕਾਨੂੰਨ ਦੀ ਉਲੰਘਣਾ ਕੀਤੀ ਸੀ। ਇਸ ਕਾਨੂੰਨ ਹੇਠ ਸਰਕਾਰੀ ਅਧਿਕਾਰੀ ਓਥੋਂ ਦੀਆਂ ਚੋਣਾਂ ਨੂੰ ਪ੍ਰਭਾਵਿਤ ਕਰਨ ਲਈ ਆਪਣੀ ਅਧਿਕਾਰਤ ਪਦਵੀ ਦੀ ਵਰਤੋਂ ਨਹੀਂ ਕਰ ਸਕਦੇ।

ਜਾਂਚ ਰਿਪੋਰਟ ਵਿੱਚਲਿਖਿਆ ਹੈ ਕਿ ਵਾਰ-ਵਾਰ ਅਤੇ ਜਨਤਕ ਤੌਰ ਉੱਤੇ ਕਾਨੂੰਨ ਦੇ ਉਲੰਘਣ ਕਰਨ ਨਾਲ ਦੇਸ਼ ਦੀ ਸਰਕਾਰ ਦੇ ਗੈਰ-ਪੱਖਪਾਤੀ ਤਰੀਕੇ ਨਾਲ ਚੱਲਣ ਬਾਰੇ ਜਨਤਾ ਦਾ ਵਿਸ਼ਵਾਸ ਘਟਦਾ ਹੈਤੇ ਇਸ ਤਰ੍ਹਾਂ ਖੁੱਲ੍ਹੇ ਤੇ ਬਿਨਾਂ ਸਜ਼ਾ ਦੇ ਕਾਨੂੰਨਤੋੜਨ ਨਾਲ ਲੋਕਤੰਤਰੀ ਰਾਜ ਦੀ ਨੀਂਹ ਨੂੰ ਸੱਟ ਵੱਜਦੀ ਹੈ।ਫੈਡਰਲ ਜਾਂਚ ਦਫ਼ਤਰ ਨੇ ਸਾਲ 2020 ਦੀ ਰਾਸ਼ਟਰਪਤੀ ਚੋਣ ਤੋਂ ਪਹਿਲਾਂ ਚੋਣ ਅਧਿਕਾਰੀਆਂ ਦੀਆਂ ਟਿੱਪਣੀਆਂਦਾ ਵੀਨੋਟਿਸ ਲਿਆ, ਜਿਸ ਵਿੱਚ 'ਰਿਪ-ਬਲਿਕਨ ਨੈਸ਼ਨਲ ਕਨਵੈਨਸ਼ਨ' ਸ਼ਾਮਲ ਹੈ, ਜਿਹੜੀ ਇਤਿਹਾਸਿਕ ਸਟੈਂਡਰਡ ਤੋਂ ਹਟ ਕੇ ਵਾਈਟ ਹਾਊਸ ਵਿੱਚਕੀਤੀ ਗਈ ਸੀ। ਵਿਸ਼ੇਸ਼ ਵਕੀਲ ਦੇ ਦਫ਼ਤਰ ਨੇ ਸਿੱਟਾ ਕੱਢਿਆ ਹੈ ਕਿ ਵਾਈਟ ਹਾਊਸ ਵਿੱਚ ਪ੍ਰੋਗਰਾਮ ਦੇ ਪ੍ਰਬੰਧ ਨਾਲ ਹੈਚ ਕਾਨੂੰਨ ਦੀ ਉਲੰਘਣਾ ਨਹੀਂ ਹੁੰਦੀ, ਪਰ ਕਾਨੂੰਨ ਦੀ ਉਲੰਘਣਾ ਦੀਆਂ ਕਈ ਮਿਸਾਲਾਂ ਮਿਲੀਆਂ ਹਨ।

ਦੂਸਰੇ ਪਾਸੇ ਬ੍ਰਿਟੇਨ ਦੇ ਪ੍ਰਿੰਸ ਹੈਰੀ ਨੇ ਕਿਹਾ ਹੈ ਕਿ 6 ਜਨਵਰੀ ਨੂੰ ਯੂ ਐੱਸ ਕੈਪੀਟਲ (ਅਮਰੀਕੀਪਾਰਲੀਮੈਂਟਦੀ ਬਿਲਡਿੰਗ) ਦੀ ਹਿੰਸਾ ਤੋਂ ਪਹਿਲਾਂ ਉਨ੍ਹਾਂ ਨੇ ਟਵਿੱਟਰ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ ਈ ਓ) ਨੂੰ ਚਿਤਾਵਨੀ ਦੇ ਦਿੱਤੀ ਸੀ ਕਿ ਅਮਰੀਕਾ ਦੀ ਰਾਜਧਾਨੀਵਿੱਚਗੜਬੜ ਪੈਦਾ ਕਰਨ ਲਈ ਸੋਸ਼ਲ ਮੀਡੀਆ ਸਾਈਟ ਦੀ ਵਰਤੋਂ ਕੀਤੀ ਜਾ ਰਹੀ ਹੈ।ਗੁੰਮਰਾਮਕੁਨ ਸੂਚਨਾ ਦੇ ਵਿਸ਼ੇ ਉੱਤੇਅਮਰੀਕਾ ਦੇ ਕੈਲੀਫੋਰਨੀਆ ਵਿੱਚਇਕ ਆਨਲਾਈਨ ਬਹਿਸਵਿੱਚ ਹਿੱਸਾ ਲੈਂਦੇ ਹੋਏ ਪ੍ਰਿੰਸ ਹੈਰੀ ਨੇ ਮੰਗਲਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਈਮੇਲ ਰਾਹੀਂ ਟਵਿੱਟਰ ਦੇ ਸੀ ਈ ਓ ਜੈਕ ਡੋਰਸੀ ਨੂੰ ਹਿੰਸਾ ਤੋਂ ਪਹਿਲਾਂ ਆਪਣੀਆਂ ਚਿੰਤਾਵਾਂ ਤੋਂ ਜਾਣੂ ਕਰਵਾ ਦਿੱਤਾ ਸੀ। ਰੀ-ਵਾਇਰਡ ਟੈਕ ਫੋਰਮਵਿੱਚਪ੍ਰਿੰਸ ਹੈਰੀ ਨੇ ਕਿਹਾ ਕਿ 'ਜੈਕ ਅਤੇ ਮੈਂ 6 ਜਨਵਰੀ ਤੋਂ ਪਹਿਲਾਂ ਇਕ ਦੂਸਰੇ ਨੂੰ ਈਮੇਲ ਭੇਜ ਰਹੇ ਸਾਂ, ਜਿਸਵਿੱਚ ਮੈਂ ਉਨ੍ਹਾਂ ਨੂੰ ਚਿਤਾਵਨੀ ਦਿੱਤੀ ਸੀ ਕਿ ਉਨ੍ਹਾਂ ਦਾ ਪਲੇਟਫਾਰਮ ਇਕ ਤਖ਼ਤਾਪਲਟ ਦੀ ਸਾਜਿਸ਼ਵਿੱਚ ਮਦਦ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਈਮੇਲ ਕੈਪੀਟਲ ਹਿੱਲ ਦੀ ਹਿੰਸਾ ਵਾਲੀ ਘਟਨਾ ਦੇ ਇੱਕ ਦਿਨ ਪਹਿਲਾ ਭੇਜੀ ਗਈ ਤੇ ਉਸ ਤੋਂ ਬਾਅਦ ਮੈਂ ਉਨ੍ਹਾਂ ਤੋਂ ਕੁਝ ਨਹੀਂ ਸੁਣਿ-ਆ।ਵਰਨਣ ਯੋਗ ਹੈ ਕਿ ਡੋਨਾਲਡ ਟਰੰਪ ਦੇ ਸਮਰਥਕਾਂ ਵੱਲੋਂ ਕੈਪੀਟਲ ਉੱਤੇਭੀੜ ਦੇ ਰੂਪ ਵਿੱਚ ਜਾ ਪੈਣਮਗਰੋਂ ਗਲਤ ਸੂਚਨਾ ਅਤੇ ਉਕਸਾਉਣ ਵਾਲੀ ਸਮਗਰੀ ਨੂੰ ਰੋਕਣ ਦੇ ਲਈ ਭਰਪੂਰ ਕਦਮ ਨਾ ਚੁੱਕਣ ਬਾਰੇ ਸੋਸ਼ਲ ਮੀਡੀਆ ਸਾਈਟਸ ਨੂੰ ਸਖਤ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਸੀ।

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Paramjit Singh Gill (MBA,LL.B.)
Tel: 905-790-3636
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
Skilled Worker Category
Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਕੋਵਿਡ-19 ਕੇਸਾਂ ਵਿੱਚ ਹੋਏ ਵਾਧੇ ਤੋਂ ਬਾਅਦ ਓਨਟਾਰੀਓ ਨੇ ਰੀਓਪਨਿੰਗ ਪਲੈਨ ਦੇ ਅਗਲੇ ਕਦਮ ਉੱਤੇ ਲਾਈ ਰੋਕ

...ਪੰਨਾ 1 ਦਾ ਬਾਕੀ

- ਸਟ੍ਰਿੱਪ ਕਲੱਬਜ਼
- ਸੈਕਸ ਕਲੱਬਜ਼ ਤੇ ਬਾਥਹਾਊਸਿਜ਼

ਇਸ ਸਮੇਂ ਜਾਰੀ ਪਾਬੰਦੀਆਂ ਤਹਿਤ ਨਾਈਟਕਲੱਬਜ਼ ਤੇ ਬਾਥਹਾਊਸਿਜ਼ ਨੂੰ 25 ਫੀ ਸਦੀ ਜਾਂ 250 ਪੈਟਰਨਜ਼, ਜੋ ਵੀ ਘੱਟ ਹੋਵੇ, ਨਾਲ ਖੁੱਲ੍ਹਣ ਦੀ ਇਜਾਜ਼ਤ ਹੈ।

ਸਟ੍ਰਿੱਪ ਕਲੱਬਜ਼ ਲਈ ਕੋਈ ਕਪੈਸਿਟੀ ਲਿਮਿਟ ਨਹੀਂ ਹੈ ਪਰ ਅਜਿਹੀਆਂ ਅਸਟੈਬਲਿਸ਼ਮੈਂਟ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਗਰੁੱਪਜ਼ ਦਰਮਿਆਨ ਘੱਟੋ ਘੱਟ ਦੋ ਮੀਟਰ ਦੀ ਫਿਜ਼ੀਕਲ ਡਿਸਟੈਂਸਿੰਗ ਯਕੀਨੀ ਬਣਾਈ ਜਾਵੇ। ਰੀਓਪਨਿੰਗ ਪਲੈਨ ਵਿੱਚ ਇਨ੍ਹਾਂ ਤੋਂ ਇਲਾਵਾ ਹਾਲ ਦੀ ਘੜੀ ਹੋਰ ਕੋਈ ਤਬਦੀਲੀਆਂ ਨਹੀਂ ਕੀਤੀਆਂ ਗਈਆਂ ਹਨ।

ਪਿਛਲੇ ਹਫਤੇ ਇਸ ਸਮੇਂ ਉੱਤੇ ਕੋਵਿਡ-19 ਦੇ 379 ਮਾਮਲੇ ਸਾਹਮਣੇ ਆਏ ਸਨ ਤੇ ਹੁਣ ਇਹ ਵੱਧ ਕੇ 502 ਤੱਕ ਅੱਪੜ ਚੁੱਕੇ ਹਨ। ਚੀਫ ਮੈਡੀਕਲ ਆਫੀਸਰ ਆਫ ਹੈਲਥ ਡਾ.ਕੀਰਨ ਮੂਰ ਨੇ ਆਖਿਆ ਕਿ ਓਨਟਾਰੀਓ ਵੱਲੋਂ ਰੀਓਪਨਿੰਗ ਪਲੈਨ ਉੱਤੇ ਅਹਿਤਿਆਤਨ ਰੋਕ ਲਾਈ ਜਾ ਰਹੀ ਹੈ। ਉਨ੍ਹਾਂ ਆਖਿਆ ਕਿ ਭਾਵੇਂ ਓਨਟਾਰੀਓ ਵਿੱਚ ਕੇਸਾਂ ਵਿੱਚ ਵਾਧਾ ਹੋ ਰਿਹਾ ਹੈ ਪਰ ਉਨ੍ਹਾਂ ਨੂੰ ਨਹੀਂ ਲੱਗਦਾ ਕਿ ਪ੍ਰੋਵਿੰਸ ਨੂੰ ਪ੍ਰੋਵਿੰਸ਼ੀਅਲ ਪੱਧਰ ਉੱਤੇ ਪਾਬੰਦੀਆਂ ਦੁਬਾਰਾ ਲਾਉਣ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਜੇ ਅਜਿਹੀ ਲੋੜ ਪਈ ਤਾਂ ਅਸੀਂ ਰੀਜਨਲ ਪੱਧਰ ਉੱਤੇ ਇਹ ਪਾਬੰਦੀਆਂ ਲਾਵਾਂਗੇ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ',
ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਦੋ ਨਿੱਕੇ ਬੱਚਿਆਂ ਨੂੰ ਟੇਪ ਨਾਲ ਡੈਸਕ ਨਾਲ ਬੰਨ੍ਹਣ ਵਾਲੀ ਟੀਚਰ ਨੂੰ ਕੀਤਾ ਗਿਆ ਚਾਰਜ

ਓਨਟਾਰੀਓ, 10 ਨਵੰਬਰ (ਪੋਸਟ ਬਿਊਰੋ) : ਕਲਾਸ ਵਿੱਚ ਮਾਸਕਿੰਗ ਟੇਪ ਨਾਲ ਦੋ ਬੱਚਿਆਂ ਨੂੰ ਬੰਨ੍ਹਣ ਦੇ ਮਾਮਲੇ ਵਿੱਚ ਵਾਟਰਲੂ ਰੀਜਨ ਦੀ ਇੱਕ ਟੀਚਰ ਨੂੰ ਵਿਦਿਆਰਥੀਆਂ ਉੱਤੇ ਹਮਲਾ ਕਰਨ ਦੇ ਸਬੰਧ ਵਿੱਚ ਚਾਰਜ ਕੀਤਾ ਗਿਆ ਹੈ ਤੇ ਉਸ ਨੂੰ ਹੋਮ ਅਸਾਈਨਮੈਂਟ ਉੱਤੇ ਭੇਜ ਦਿੱਤਾ ਗਿਆ।




ਕਿਚਨਰ, ਓਨਟਾਰੀਓ ਦੇ ਐਲਪਾਈਨ ਪਬਲਿਕ ਸਕੂਲ ਦੇ ਦੋ ਵਿਦਿਆਰਥੀਆਂ ਨੂੰ ਡਿਸਿਪਲਿਨ ਸਿਖਾਉਣ ਦੇ ਇਰਾਦੇ ਨਾਲ ਅਜਿਹਾ ਕਰਨ ਵਾਲੀ ਫਰੈਂਚ ਟੀਚਰ ਖਿਲਾਫ ਵਾਟਰਲੂ ਪੁਲਿਸ ਨੇ ਚਾਰਜਿਜ਼ ਲਾਏ। ਕਾਂਸਟੇਬਲ, ਆਂਦਰੇ ਜੌਹਨਸਨ ਨੇ ਦੱਸਿਆ ਕਿ ਜਾਂਚਕਾਰਾਂ ਨਾਲ ਸਜ਼ਾ ਭੁਗਤਣ ਵਾਲੇ ਇੱਕ ਬੱਚੇ ਦੇ ਪਰਿਵਾਰ ਅਤੇ ਚਿਲਡਰਨ ਸਰਵਿਸਿਜ਼ ਨੇ 22 ਅਕਤੂਬਰ ਨੂੰ ਸੰਪਰਕ ਕੀਤਾ। ਇਸ ਤੋਂ ਬਾਅਦ ਇੰਸਪੈਕਟਰਜ਼ ਨੇ ਵਾਟਰਲੂ ਦੀ 52 ਸਾਲਾ ਮਹਿਲਾ ਨੂੰ ਗ੍ਰਿਫਤਾਰ ਕਰ ਲਿਆ। ਇਸ ਟੀਚਰ ਨੂੰ ਗ੍ਰਿਫਤਾਰ ਕਰਨ ਤੋਂ ਪਹਿਲਾਂ ਯੂਥ ਪ੍ਰੋਟੈਕਸ਼ਨ ਯੂਨਿਟ ਤੇ ਵਾਟਰਲੂ ਰੀਜਨ ਦੀ ਫੈਮਿਲੀ ਐਂਡ ਚਿਲਡਰਨਜ਼ ਸਰਵਿਸਿਜ਼ ਵੱਲੋਂ ਸਾਂਝੀ ਜਾਂਚ ਵੀ ਕੀਤੀ ਗਈ।

ਪ੍ਰਾਪਤ ਜਾਣਕਾਰੀ ਅਨੁਸਾਰ ਜਿਨ੍ਹਾਂ ਬੱਚਿਆਂ ਨੂੰ ਇਸ ਟੀਚਰ ਵੱਲੋਂ ਕਲਾਸ ਵਿੱਚ ਸਬਕ ਸਿਖਾਉਣ ਦੀ ਕੋਸ਼ਿਸ਼ ਕੀਤੀ ਗਈ ਉਨ੍ਹਾਂ ਵਿੱਚੋਂ ਇੱਕ ਪੰਜ ਸਾਲ ਦਾ ਕੈਨੇਡਾ ਵਿੱਚ ਪੈਦਾ ਹੋਇਆ ਬੱਚਾ ਸੀ ਜਿਸਦਾ ਪਿਛੋਕੜ ਪਾਕਿਸਤਾਨੀ ਸੀ। ਦੂਜੇ ਬੱਚੇ ਦੀ ਉਮਰ ਜਾਂ ਲਿੰਗ ਦਾ ਖੁਲਾਸਾ ਪੁਲਿਸ ਵੱਲੋਂ ਨਹੀਂ ਕੀਤਾ ਗਿਆ। ਬੱਚੇ ਦੀ ਮਾਂ ਤੇ ਪਿਤਾ ਨੇ ਦੱਸਿਆ ਕਿ ਇਸ ਘਟਨਾ ਕਾਰਨ ਬੱਚਾ ਸਦਮੇ ਵਿੱਚ ਸੀ। ਪਰਿਵਾਰਾਂ ਵੱਲੋਂ ਆਪਣੀ ਪਛਾਣ ਪ੍ਰਾਈਵੇਸੀ ਕਾਰਨਾਂ ਕਰਕੇ ਲੁਕੋਈ ਜਾ ਰਹੀ ਹੈ ਤੇ ਉਨ੍ਹਾਂ ਵੱਲੋਂ ਸਿਸਟਮ ਵਿੱਚ ਤਬਦੀਲੀ ਦੀ ਮੰਗ ਕੀਤੀ ਗਈ ਹੈ। ਬੱਚੇ ਦੇ ਪਿਤਾ ਨੇ ਦੱਸਿਆ ਕਿ ਬਹੁਤ ਮੁਸ਼ਕਲ ਨਾਲ ਉਨ੍ਹਾਂ ਦੇ ਬੱਚੇ ਨੇ ਦੱਸਿਆ ਕਿ ਉਸ ਨੂੰ ਤੇ ਉਸ ਦੇ ਨਾਲ ਦੇ ਇੱਕ ਹੋਰ ਬੱਚੇ (ਜੋ ਕਿ ਦੂਜੀ ਨਸਲ ਦਾ ਸੀ) ਨੂੰ ਟੀਚਰ ਨੇ ਟੇਬਲ ਖਿਸਕਾਉਣ ਲਈ ਟੇਪ ਨਾਲ ਬੰਨ੍ਹ ਦਿੱਤਾ ਸੀ।

ਬੱਚੇ ਦੀ ਮਾਂ ਨੇ ਦੱਸਿਆ ਕਿ ਉਸ ਦੇ ਲੜਕੇ ਨੇ ਦੱਸਿਆ ਕਿ ਉਨ੍ਹਾਂ ਦੋਵਾਂ ਨੂੰ ਟੀਚਰ ਵੱਲੋਂ ਲੰਮੇਂ ਸਮੇਂ ਲਈ ਕਲਾਸਰੂਮ ਵਿੱਚ ਹੀ ਛੱਡ ਦਿੱਤਾ ਗਿਆ ਤੇ ਕਲਾਸਰੂਮ ਦੀਆਂ ਲਾਈਟਾਂ ਵੀ ਲੰਮੇਂ ਸਮੇਂ ਲਈ ਬੰਦ ਹੀ ਰਹਿਣ ਦਿੱਤੀਆਂ ਗਈਆਂ। ਬੱਚਿਆਂ ਨੂੰ ਡੈਸਕਸ ਨਾਲ ਹੀ ਟੇਪ ਨਾਲ ਬੰਨ੍ਹਿਆ ਗਿਆ ਸੀ। ਕਲਾਸਰੂਮ ਵਿੱਚ ਹੋਰ ਕੋਈ ਬੱਚਾ ਨਹੀਂ ਸੀ ਮੌਜੂਦ। ਟੀਚਰ ਨੇ ਬੱਚਿਆਂ ਨੂੰ ਆਖਿਆ ਕਿ ਉਨ੍ਹਾਂ ਨੂੰ ਆਪ ਹੀ ਇਸ ਟੇਪ ਤੋਂ ਛੁਡਵਾਉਣਾ ਹੋਵੇਗਾ।

ਬੱਚਿਆਂ ਦੇ ਮਾਪਿਆਂ ਨੇ ਮੰਗ ਕੀਤੀ ਕਿ ਟੀਚਰ ਖਿਲਾਫ ਹੋਰ ਚਾਰਜਿਜ਼ ਲਾਏ ਜਾਣ। ਇਹ ਵੀ ਪਤਾ ਲੱਗਿਆ ਹੈ ਕਿ ਟੀਚਰ ਨੂੰ ਰਿਹਾਅ ਕਰ ਦਿੱਤਾ ਗਿਆ ਹੈ। ਸਕੂਲ ਦਾ ਕਹਿਣਾ ਹੈ ਕਿ ਜਦੋਂ ਤੱਕ ਅੰਦਰੂਨੀ ਜਾਂਚ ਮੁਕੰਮਲ ਨਹੀਂ ਕਰ ਲਈ ਜਾਂਦੀ ਉਦੋਂ ਤੱਕ ਕੋਈ ਕਾਰਵਾਈ ਨਹੀਂ ਕੀਤੀ ਜਾ ਸਕਦੀ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer** Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

Check our Free E-paper at:
www.canadianpunjabipost.ca
905-793-2202
ਪੰਜਾਬੀ ਪੋਸਟ

ਖਿੜਕੀਆਂ ਅਤੇ ਦਰਵਾਜੇ ਲਗਵਾਓ
Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼,
ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼,
ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ,
ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN
GLASS AND WINDOW

# ਐਡਵੋਕੇਟ ਜਨਰਲ ਹਟਾਇਆ ਤਾਂ ਐਡੀਸ਼ਨਲ ਐਡਵੋਕੇਟ ਜਨਰਲ ਵੀ ਅਸਤੀਫ਼ਾ ਦੇ ਗਿਆ

ਚੰਡੀਗੜ੍ਹ, 10 ਨਵੰਬਰ, (ਪੋਸਟ ਬਿਊਰੋ)- ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਿਚਾਲੇ ਸਮਝੌਤੇ ਤੋਂ ਬਾਅਦ ਪੰਜਾਬ ਸਰਕਾਰ ਵੱਲੋਂ ਐਡਵੋਕੇਟ ਜਨਰਲ ਏਪੀਐੱਸ ਦਿਓਲ ਦਾ ਅਸਤੀਫ਼ਾ ਪ੍ਰਵਾਨ ਕੀਤੇ ਜਾਣ ਪਿੱਛੋਂ ਇੱਕ ਪਾਸੇ ਕਾਂਗਰਸ ਦੇ ਸੀਨੀਅਰ ਆਗੂ ਫਿਰ ਆਪਣੀ ਪਾਰਟੀ ਲੀਡਰਸ਼ਿਪ ਉੱਤੇ ਹਮਲਾਵਰ ਹੋ ਗਏ ਹਨ, ਦੂਸਰੇ ਪਾਸੇ ਐਡੀਸ਼ਨਲ ਐਡਵੋਕੇਟ ਜਨਰਲ ਮੁਕੇਸ਼ ਬੇਰੀ ਨੇ ਅਸਤੀਫ਼ਾ ਦੇ ਦਿੱਤਾ ਹੈ।

ਪੰਜਾਬ ਦੇ ਹੋਮ ਸੈਕਟਰੀ ਨੂੰ ਭੇਜੇ ਆਪਣੇ ਅਸਤੀਫਾ ਪੱਤਰ ਵਿੱਚ ਐਡੀਸ਼ਨਲ ਐਡਵੋਕੇਟ ਜਨਰਲ ਮੁਕੇਸ਼ ਬੇਰੀ ਨੇ ਲਿਖਿਆ ਹੈ ਕਿ ਮੈਂ ਐਡਵੋਕੇਟ ਜਨਰਲ ਦੇ ਅਸਤੀਫ਼ੇ ਉੱਤੇ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦਾ ਤੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਰਿਹਾ ਹਾਂ, ਜਿਸ ਨੂੰ ਸਰਕਾਰ ਅੱਜ ਹੀ ਪ੍ਰਵਾਨ ਲਵੇ। ਬੇਰੀ ਨੇ ਸਰਕਾਰ ਨੂੰ ਨਸੀਹਤ ਵੀ ਦਿੱਤੀ ਕਿ ਸਰਕਾਰ ਸੀਨੀਅਰ ਐਡਵੋਕੇਟ ਦੇ ਅਹੁਦੇ ਨੂੰ ਠੇਸ ਨਾ ਲਾਏ। ਉਨ੍ਹਾਂ ਐਡਵੋਕੇਟ ਜਨਰਲ ਵਜੋਂ ਕਿਸੇ ਸੀਨੀਅਰ ਵਕੀਲ ਨੂੰ ਲਾਉਣ ਤੇ ਫਿਰ ਹਟਾਏ ਜਾਣ ਦੇ ਤਰੀਕੇ ਉੱਤੇ ਰੋਸ ਪ੍ਰਗਟ ਕੀਤਾ ਜਾਪਦਾ ਹੈ।

ਦੂਸਰੇ ਪਾਸੇਪੰਜਾਬ ਕਾਂਗਰਸ ਦੇ ਸਾਬਕਾ ਪ੍ਰਦੇਸ਼ ਪ੍ਰਧਾਨ ਸੁਨੀਲ ਜਾਖੜ ਤੇ ਪਾਰਲੀਮੈਂਟ ਮੈਂਬਰ ਮਨੀਸ਼ ਤਿਵਾੜੀ ਨੇ ਐਡਵੋਕੇਟ ਜਨਰਲ ਨੂੰ ਹਟਾਉਣ ਕਾਰਨਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਉੱਤੇਤਿੱਖਾ ਹਮਲਾ ਕੀਤਾ ਹੈ। ਜਾਖੜ ਨੇ ਟਵੀਟ ਕਰ ਕੇ ਕਿਹਾ ਕਿ ਇੱਕ ਯੋਗ ਐਡਵੋਕੇਟ ਜਨਰਲ ਹਟਾਉਣ ਤੋਂ ਸਾਫ ਹੈ ਕਿ ਚਰਨਜੀਤ ਸਿੰਘ ਚੰਨੀ ਅਸਲਵਿੱਚ ਕਿੰਨੇ ਸਮਝੌਤਾਵਾਦੀ ਹਨ।ਉਨ੍ਹਾਂ ਨੇ ਸਵਾਲ ਕੀਤਾਕਿ ਆਖ਼ਰ ਸਰਕਾਰ ਕਿਸ ਦੀ ਹੈ? ਓਧਰ ਪਾਰਲੀਮੈਂਟ ਮੈਂਬਰ ਮਨੀਸ਼ ਤਿਵਾੜੀ ਨੇ ਇਕ ਤੋਂ ਪਿੱਛੋਂ ਇਕ ਤਿੰਨ ਟਵੀਟ ਕਰ ਕੇ ਕਿਹਾਕਿ ਸੰਵਿਧਾਨਕ ਅਹੁਦੇਦਾਰਾਂ ਦੀ ਜ਼ਿੰਮੇਵਾਰੀ ਹੁੰਦੀ ਹੈ, ਪਰ ਪੰਜਾਬ ਵਿੱਚ ਦੋਵੇਂ ਸਾਬਕਾ ਐਡਵੋਕੇਟ ਜਨਰਲ ਸਿਆਸੀ ਲੜਾਈਵਿੱਚ 'ਪੰਚਿੰਗ ਬੈਗ' ਬਣ ਗਏ ਹਨ ਅਤੇ ਜਿਹੜੇ ਲੋਕ ਐਡਵੋਕੇਟ ਜਨਰਲ ਦਫ਼ਤਰ ਦੇ ਅਦਾਰੇ ਨੂੰ ਤੋੜਦੇ ਹਨ, ਉਨ੍ਹਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਵਕੀਲ ਕਿਸੇ ਕਲਾਈਂਟ ਨਾਲ ਜੁੜਿਆ ਨਹੀਂ ਹੁੰਦਾ।ਵਰਨਣ ਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਅਹੁਦੇ ਤੋਂ ਅਸਤੀਫ਼ਾ ਦੇਣ ਵੇਲੇ ਉਸ ਵਕਤ ਦੇ ਐਡਵੋਕੇਟ ਜਨਰਲ ਅਤੁਲ ਨੰਦਾ ਨੇ ਵੀ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਚਰਨਜੀਤ ਸਿੰਘ ਚੰਨੀ ਦੀ ਸਰਕਾਰ ਨੇ ਏਪੀਐੱਸ ਦਿਓਲ ਨੂੰ ਨਵਾਂ ਐਡਵੋਕੇਟ ਜਨਰਲ-ਬਣਾਇਆ ਸੀ।ਅਤੁਲ ਨੰਦਾ ਆਪਣੇ ਪੂਰੇ ਕਾਰਜਕਾਲਵਿੱਚ ਵਿਵਾਦਾਂਵਿੱਚ ਰਹੇ ਸਨ ਅਤੇ ਸੁਨੀਲ ਜਾਖੜ ਹੀ ਉਨ੍ਹਾਂ ਵਿਰੁੱਧਜ਼ਿਆਦਾ ਖੁੱਲ੍ਹ ਕੇ ਬੋਲਦੇ ਰਹੇ ਸਨ। ਬਿਜਲੀ ਖ਼ਰੀਦ ਬਾਰੇ ਸਮਝੌਤਿਆਂ, ਬੇਅਦਬੀ ਕਾਂਡ, ਕੋਟਕਪੂਰਾ ਗੋਲ਼ੀ ਕਾਂਡ ਆਦਿ ਕੋਈ ਵੀ ਕੇਸਅਤੁਲ ਨੰਦਾ ਰਾਜ ਸਰਕਾਰ ਨੂੰ ਜਿਤਾ ਨਹੀਂ ਸਨ ਸਕੇ, ਜਿਸ ਕਾਰਨ ਸੁਨੀਲ ਜਾਖੜ ਉਨ੍ਹਾਂ ਨੂੰ ਨਿਸ਼ਾਨੇ ਉੱਤੇ ਲੈਂਦੇ ਸਨ।ਏਪੀਐੱਸ ਦਿਓਲ ਨੂੰ ਐਡਵੋਕੇਟ ਜਨਰਲਲਾਇਆ ਤਾਂ ਉਹ ਕਾਂਗਰਸ ਦੇ ਨਵੇਂ ਬਣੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਨਿਸ਼ਾਨੇ ਉੱਤੇ ਆ ਗਏ ਤੇ ਇਸੇ ਦਬਾਅ ਕਾਰਨ ਉਨ੍ਹਾਂ ਨੇ ਅਸਤੀਫ਼ਾ ਦੇ ਦਿੱਤਾ ਤੇ ਜਦੋਂ ਪਾਰਟੀ ਹਾਈ ਕਮਾਨ ਨੇ ਉਨ੍ਹਾਂ ਦੀ ਗੱਲਨਹੀਂ ਮੰਨੀ ਤਾਂ ਉਨ੍ਹਾਂ ਸਿੱਧੇ ਦੋ ਟੁੱਕ ਸ਼ਬਦਾਂ ਵਿੱਚ ਕਹਿ ਦਿੱਤਾ ਕਿ ਜਾਂ ਸਮਝੌਤਾਵਾਦੀ ਅਫ਼ਸਰ ਚੁਣ ਲਿਆ ਜਾਵੇ ਜਾਂ ਸੂਬਾਈ ਪ੍ਰਧਾਨ ਦੀ ਕਹੀ ਗੱਲ ਮੰਨੀ ਜਾਵੇ। ਇਸ ਤੋਂ ਬਾਅਦ ਦਿਓਲ ਦਾ ਅਸਤੀਫ਼ਾ ਸਰਕਾਰ ਨੇ ਪ੍ਰਵਾਨ ਕਰ ਲਿਆ ਸੀ।

ਜ਼ਰੂਰ ਜਾਣੋ; ਗਿਆਨ ਗੰਗਾ
|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ | ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||
• ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
• ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
• ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
• ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
• ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
• ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
• ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
• ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
• ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
• ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ | ਫਿਰ ਗੀਤਾ ਵਾਲਾ ਕਾਲ ਕੌਣ ਹੈ ?
• ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
• ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?
ਗਿਆਨ ਗੰਗਾ
ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org
IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾਂ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Jitpal Singh Deol
647-204-1936

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

# ਗੁਰੂ ਤੇਗ ਬਹਾਦਰ ਸਾਹਿਬ: ਜੀਵਨ, ਸਿੱਖਿਆ ਤੇ ਸਿਧਾਂਤ

## ਤੇਗ਼ ਬਹਾਦਰ ਸਿਮਰਿਐ, ਘਰਿ ਨਉ ਨਿਧਿ ਆਵੈ ਧਾਇ।



ਪੂਰਨ ਸਿੰਘ ਪਾਂਧੀ, ਬਰੈਂਪਟਨ, ਕਨੇਡਾ

11 ਨਵੰਬਰ 'ਤੇ ਵਿਸ਼ੇਸ਼

ਜਨਮ ਤੇ ਮਾਤਾ ਪਿਤਾ:-ਨੌਵੇਂ ਪਾਤਸ਼ਾਹ ਗੁਰੂ ਤੇਗਬਹਾਦਰ ਸਾਹਿਬ ਦਾ ਜਨਮ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਤੇ ਮਾਤਾ ਨਾਨਕੀ ਦੇ ਘਰ ਇੱਕ ਅਪ੍ਰੈਲ ਸੰਨ 1621 ਨੂੰ, ਗੁਰੂ ਕੇ ਮਹਿਲ ਅੰਮ੍ਰਿਤਸਰ ਵਿਚ ਹੋਇਆ। ਗੁਰੂ ਹਰਿਗੋਬਿੰਦ ਸਾਹਿਬ ਦੇ ਤਿੰਨ ਮਹਿਲ (ਪਤਨੀਆਂ) ਸਨ:- ਮਾਤਾ ਦਮੋਦਰੀ ਜੀ, ਮਾਤਾ ਮਹਾਂ ਦੇਵੀ ਜੀ ਅਤੇ ਮਾਤਾ ਨਾਨਕੀ ਜੀ। ਮਾਤਾ ਨਾਨਕੀ ਜੀ ਦੇ ਪੰਜ ਪੁੱਤਰ ਤੇ ਇੱਕ ਪੁੱਤਰੀ ਸੀ: ਬਾਬਾ ਗੁਰਦਿੱਤਾ ਜੀ, ਸੂਰਜ ਮੱਲ, ਅਣੀ ਰਾਇ, ਅਟੱਲ ਰਾਇ, ਗੁਰੂਤੇਗ਼ ਬਹਾਦਰ ਸਾਹਿਬ ਅਤੇ ਬੀਬੀ ਵੀਰੋ ਜੀ। ਤੇਗ਼ ਬਹਾਦਰ ਸਾਹਿਬ ਸੱਭ ਤੋਂ ਛੋਟੇ ਸਨ।

ਸ਼ਾਦੀ ਤੇ ਸੰਤਾਨ:-ਗੁਰੂ ਤੇਗ ਬਹਾਦਰ ਜੀ ਦੀ 13 ਸਾਲ ਦੀ ਉਮਰ ਵਿਚ, ਕਰਤਾਰਪੁਰ (ਜਾਲੰਧਰ) ਦੇ ਵਾਸੀ ਭਾਈ ਲਾਲ ਚੰਦ ਦੀ ਸਪੁੱਤਰੀ (ਮਾਤਾ) ਗੁਜਰੀ ਜੀ ਨਾਲ਼, ਮਾਰਚ 1632 ਵਿਚ ਸ਼ਾਦੀ ਹੋਈ। ਸ਼ਾਦੀ ਤੋਂ 34 ਸਾਲ ਪਿੱਛੋਂ 22 ਦਸੰਬਰ 1666 ਨੂੰ ਇੱਕਲੋਤੀ ਸੰਤਾਨ ਗੁਰੂ ਗੋਬਿੰਦ ਸਿੰਘ ਦਾ ਪਟਨੇ (ਬਿਹਾਰ) ਵਿਚ ਜਨਮ ਹੋਇਆ। ਗੁਰੂ ਗੋਬਿੰਦ ਸਿੰਘ ਦਾ ਮੁੱਢਲਾ ਨਾਂ ਗੋਬਿੰਦ ਰਾਇ ਸੀ।

ਤਿਆਗ ਮੱਲ:- ਗੁਰੂ ਜੀ ਬਚਪਨ ਤੋਂ ਹੀ ਇਕਾਂਤ ਵਿਚ ਰਹਿਣ ਦੀ ਰੁਚੀ ਦੇ ਮਾਲਕ ਸਨ। ਉਨ੍ਹਾਂ ਦੀ ਰੁਚੀ ਤੇ ਬਿਰਤੀ ਭਗਤੀ ਭਾਵ ਤੇ ਤਿਆਗ ਵਾਲੀ ਸੀ। ਦੁਨਿਆਵੀ ਪੂੰਜੀਵਾਦੀ ਤੇ ਭੋਗਵਾਦੀ ਸੰਸਾਰ ਤੋਂ ਅਸਲੋਂ ਨਿਰ-ਲੇਪ ਸਨ। ਇਸੇ ਕਾਰਣ ਆਪ ਜੀ ਦਾ ਮੁੱਢਲਾ ਨਾਂ ਤਿਆਗ ਮੱਲ ਸੀ। ਤੇਰਾਂ ਸਾਲ ਦੀ ਉਮਰ ਵਿਚ, ਕਰਤਾਰਪੁਰ ਦੀ ਜੰਗ ਵਿਚ ਤੇਗ਼ ਦੇ ਅਦੁੱਤੀ ਜੌਹਰ ਦਿਖਾਉਣ ਕਰ ਕੇ ਪਿਤਾ ਗੁਰੂ ਨੇ ਆਪ ਜੀ ਦਾ ਨਾਂ ਤਿਆਗ ਮੱਲ ਤੋਂ ਤੇਗ਼ ਬਹਾਦਰ ਰੱਖ ਦਿੱਤਾ।

ਬਕਾਲੇ:-ਪਿਤਾ ਗੁਰੂ ਹਰਿਗੋਬਿੰਦ ਸਾਹਿਬ ਦੇ 3 ਮਾਰਚ 1644 ਨੂੰ ਕੀਰਤਪੁਰ ਵਿਚ ਜੋਤੀ ਜੋਤ ਸਮਾਉਣ ਪਿੱਛੋਂ, ਤੇਗ਼ ਬਹਾਦਰ ਸਾਹਿਬ ਆਪਣੀ ਮਾਤਾ ਨਾਨਕੀ ਜੀ ਤੇ ਧਰਮ ਪਤਨੀ ਗੁਜਰੀ ਜੀ ਨਾਲ ਆਪਣੇ ਨਾਨਕੇ ਪਿੰਡ ਬਕਾਲੇ ਚਲੇ ਗਏ। ਇਸ ਤੋਂ ਪਹਿਲਾਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰ ਗੱਦੀ ਆਪਣੇ ਪੋਤਰੇ (ਬਾਬਾ ਗੁਰਦਿੱਤਾ ਜੀ ਦੇ ਪੁੱਤਰ) ਹਰਿਰਾਇ ਜੀ ਨੂੰ ਸੌਂਪ ਦਿੱਤੀ। ਭਾਣਾ ਇਹ ਵਰਤਿਆ ਕਿ ਸੱਤਵੇਂ ਗੁਰੂ ਹਰਿਰਾਇ ਜੀ 6 ਅਕਤੂਬਰ 1661 ਨੂੰ 31 ਵਰ੍ਹੇ ਦੀ ਭਰ ਜਵਾਨ ਉਮਰ ਵਿਚ ਅਕਾਲ ਚਲਾਣਾ ਕਰ ਗਏ ਅਤੇ ਗੁਰ-ਗੱਦੀ ਆਪਣੇ ਪੁੱਤਰ ਹਰਿਕ੍ਰਿਸ਼ਨ ਸਾਹਿਬ ਜੀ ਨੂੰ ਸੌਂਪ ਗਏ। ਉਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਦੀ ਉਮਰ ਕੇਵਲ ਪੰਜ ਸਾਲ ਸੀ। 30 ਮਾਰਚ 1664 ਨੂੰ ਅੱਠਵੇਂ ਗੁਰੂ ਹਰਿਕ੍ਰਿਸ਼ਨ ਜੀ 7 ਸਾਲ ਉਮਰ ਵਿਚ ਚੇਚਕ ਦੀ ਬਿਮਾਰੀ ਨਾਲ ਦਿੱਲੀ ਵਿਖੇ ਜੋਤੀ ਜੋਤ ਸਮਾਉਣ ਸਮੇ ਇੱਕ ਸੰਕੇਤੀ ਬਚਨ ਆਖ ਗਏ ਸਨ: "ਬਾਬਾ ਬਕਾਲੇ" ਜਿਸ ਦਾ ਭਾਵ ਸੀ ਕਿ ਅਸਲੀ ਗੁਰ ਗੱਦੀ ਦਾ ਵਾਰਸ ਬਾਬਾ ਬਕਾਲੇ ਹੈ।

ਗੁਰ ਗੱਦੀ ਦੇ ਦਾਹਵੇਦਾਰਾਂ ਨੇ "ਬਾਬਾ ਬਕਾਲੇ" ਸ਼ਬਦ ਦੇ ਆਪੋ ਆਪਣੇ ਢੰਗ ਨਾਲ਼ ਅਰਥ ਜੋੜ ਲਏ। ਇਸ ਤਰ੍ਹਾਂ ਚੁਸਤ ਚਲਾਕ ਤੇ ਲਾਲਚੀ ਲੋਕਾਂ ਵਿਚ ਗੁਰ-ਗੱਦੀ 'ਤੇ ਕਬਜ਼ਾ ਕਰਨ ਦੀਆਂ ਦੌੜਾਂ ਲੱਗ ਗਈਆਂ। ਚਾਹਵਾਨ ਪਾਖੰਡੀਆਂ ਨੇ ਬਕਾਲੇ ਜਾ ਡੇਰੇ ਲਾਏ। ਗੱਦੀਦਾਰਾਂ ਦੀ ਗਿਣਤੀ 22 ਤੱਕ ਪਹੁੰਚ ਗਈ। ਸਿੱਖ ਇਤਿਹਾਸ ਵਿਚ ਇਨ੍ਹਾਂ ਨੂੰ 22 ਮੰਜੀਆਂ ਨਾਲ਼ ਜਾਣਿਆਂ ਜਾਂਦਾ ਹੈ। ਲਾਹੌਰ ਤੇ ਅੰਮ੍ਰਿਤਸਰ ਦੇ ਸੋਢੀ ਪ੍ਰਿਥੀ ਚੰਦ ਆਦਿ ਜੁੰਡਲੀ ਦੀਆਂ ਚੁਸਤੀਆਂ ਚਲਾਕੀਆਂ ਦੇਖ ਕੇ ਭਾਈ ਗੁਰਦਾਸ ਇਨ੍ਹਾਂ ਨੂੰ 'ਮੀਣੇ' ਅਥਵਾ ਮੀਸਣੇ (ਕਪਟੀ) ਹੋਣ ਦਾ ਖਿਤਾਬ ਦਿੰਦਾ ਹੈ। ਪ੍ਰਿਥੀ ਚੰਦ ਅਤੇ ਸੂਰਜ ਮੱਲ ਦੀ ਸੰਤਾਨ ਧੀਰ-ਮੱਲੀਏ ਗੱਦੀ 'ਤੇ ਵਧੇਰੇ ਹੱਕ ਰੱਖਦੇ ਸਨ। ਇੰਨ੍ਹਾ ਮੀਣਿਆਂ ਵਿਚੋਂ ਵੀ ਗੁਰੂ ਹਰਿਕ੍ਰਿਸ਼ਨ ਸਾਹਿਬ ਦਾ ਵੱਡਾ ਭਰਾ ਧੀਰ ਮੱਲ ਗੱਦੀ ਦਾ ਸਭ ਤੋਂ ਵੱਧੇਰੇ ਦਾਹਵੇਦਾਰ ਸੀ। 22 ਮੰਜੀਆਂ ਵਿਚ ਇਸ ਦੀ ਸੱਭ ਤੋਂ ਪ੍ਰਭਾਵਸ਼ਾਲੀ ਮੰਜੀ ਸੀ। ਇਸ ਦੇ ਕਈ ਕਾਰਣ ਸਨ:ਇਹ ਛੇਵੇਂ ਗੁਰੂ ਹਰਿਗੋਬਿੰਦ ਜੀ ਦੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਤੇ ਮਾਤਾ ਅਨੰਤੀ ਦਾ ਪੁੱਤਰ ਸੀ। ਚੁਸਤ ਚਲਾਕ ਸੀ। ਇਸ ਕੋਲ ਗੁਰੂ ਗ੍ਰੰਥ ਸਾਹਿਬ ਦੀ ਬੀੜ ਦਾ ਕਬਜ਼ਾ ਸੀ ਅਤੇ ਇਸ ਨੂੰ ਮਸੰਦਾਂ ਦੀ ਹਮਾਇਤ ਪ੍ਰਾਪਤ ਸੀ। ਆਪਣੇ ਰਾਹ ਦੀ ਰੁਕਾਵਟ ਸਮਝਦਿਆਂ ਇਸ ਨੇ ਗੁਰੂ ਤੇਗ਼ ਬਹਾਦਰ ਨੂੰ ਕਤਲ ਕਰਨ ਵੀ ਸਕੀਮ ਬਣਾਈ। ਇਸ ਨੇ ਆਪਣੇ ਭਰੋਸੇਯੋਗ ਸਾਥੀ ਸ਼ੀਹੇਂ ਮਸੰਦ ਤੋਂ ਗੁਰੂ ਜੀ ਉੱਪਰ ਗੋਲ਼ੀ ਚਲਵਾਈ ਪਰ ਗੁਰੂ ਜੀ ਬਚ ਗਏ।

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸਮੁੱਚੀ ਜੀਵਨ ਸ਼ੈਲੀ ਵਿਚੋਂ ਸਬਰ, ਸ਼ੁਕਰ, ਸੰਤੋਖ ਤੇ ਸ਼ਾਂਤੀ ਦਾ ਸੰਦੇਸ਼ ਮਿਲਦਾ ਹੈ। ਗੁਰ-ਗੱਦੀ ਹਾਸਲ ਕਰਨ ਲਈ ਉਨ੍ਹਾਂ ਕੋਈ ਜੋੜ-ਤੋੜ ਨਹੀਂ ਕੀਤਾ। ਨਾ ਹੀ ਅਜਿਹੀ ਕੋਈ ਇੱਛਾ ਜ਼ਾਹਰ ਕੀਤੀ ਅਤੇ ਨਾ ਹੀ ਕੋਈ ਯਤਨ ਕੀਤਾ।

ਪਰ ਧੀਰ ਮੱਲ ਦੀਆਂ ਅਜਿਹੀਆਂ ਕਰੂਰ ਨੀਤੀਆਂ ਕਾਰਣ ਗੁਰੂ ਜੀ ਦੇ ਸ਼ਰਧਾਲੂਆਂ ਵਿਚ ਗੁੱਸਾ ਸੀ। ਜਿਸ ਕਾਰਣ ਕੁਝ ਸਿੱਖਾਂ ਨੇ ਉਸ ਉੱਤੇ ਹਮਲਾ ਕਰ ਦਿੱਤਾ ਅਤੇ ਉਸ ਦਾ ਮਾਲ ਅਸਬਾਬ ਲੁੱਟ ਲਿਆਏ ਪਰ ਧੀਰਜਵਾਨ ਗੁਰੂ ਜੀ ਨੇ ਉਸ ਦਾ ਉਹ ਸਾਰਾ ਮਾਲ- ਮੱਤਾ ਵਾਪਸ ਕਰ ਦਿੱਤਾ। ਉਸ ਦੇ ਕਬਜ਼ੇ ਵਾਲੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਵੀ ਮੋੜ ਦਿੱਤੀ। ਪਾਖੰਡੀਆਂ ਨੇ ਬਕਾਲੇ ਆਪੋ ਆਪਣੀਆਂ ਦੁਕਾਨਾ ਸਜਾ ਲਈਆਂ। ਪੂਜਾ ਕਰਾਉਣ ਲੱਗ ਪਏ। ਅਸਲੀ ਗੁਰੂ ਦਾ ਪਤਾ ਨਾ ਲੱਗੇ। ਸ਼ਰਧਾਲੂਆਂ ਵਿਚ ਭਾਰੀ ਦੁਬਿਧਾ। ਫਿਰ ਇਕ ਘਟਨਾ ਨੇ ਸਾਰਾ ਅਸਮਾਨ ਸਾਫ਼ ਕਰ ਦਿੱਤਾ। ਪ੍ਰਸਿੱਧ ਵਪਾਰੀ ਮੱਖਣ ਸ਼ਾਹ ਲੁਬਾਣਾ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ, ਪਰ ਇੱਥੇ ਹੋਰ ਦਾ ਹੋਰ ਜਲੌਅ ਦੇਖ ਕੇ ਉਹ ਡਾਹਡਾ ਪਰੇਸ਼ਾਨ ਹੋਇਆ। ਪਰੰਤੂ ਛੇਤੀ ਹੀ ਇਕ ਘਟਨਾ ਵਿਚ ਆਪਣੀ ਤੇਜ਼ ਬੁੱਧੀ ਦੁਆਰਾ ਉਸ ਨੇ ਕੱਚੇ ਗੁਰੂਆਂ ਦੀ ਭੀੜ ਵਿਚੋਂ ਸੱਚੇ ਗੁਰੂ ਦੀ ਪਰਖ਼, ਨਿਰਖ਼ ਅਤੇ ਪਹਿਚਾਣ ਕਰ ਲਈ ਅਤੇ ਉਸ ਨੇ ਕੋਠੇ 'ਤੇ ਚੜ੍ਹ ਕੇ ਢੰਡੋਰਾ ਫੇਰ ਦਿਤਾ, "ਗੁਰੂ ਲਾਧੋ ਰੇ, ਗੁਰੂ ਲਾਧੋ ਰੇ...।" ਜਿਸ ਦਾ ਭਾਵ ਸੀ ਅਸਲੀ ਗੁਰੂ ਲੱਭ ਗਿਆ ਹੈ। ਸੰਗਤਾਂ ਨੂੰ ਨਿਸਚਾ ਹੋ ਗਿਆ ਕਿ ਅਸਲ ਗੁਰੂ ਤਾਂ ਗੁਰ-ਗੱਦੀ ਦੇ ਲੋਭ ਲਾਲਚ ਤੋਂ ਨਿਰਲੇਪ, ਭਗਤੀ ਵਿਚ ਮਘਨ, ਚੁੱਪ-ਚਾਪ ਆਪਣੇ ਨਾਨਕੇ ਘਰ ਬੈਠਾ ਹੈ। ਇਸ ਤਰ੍ਹਾਂ ਸ਼ਰਧਾਲੂ ਸੰਗਤਾਂ ਦੇ ਹੜ੍ਹ ਨੇ 11 ਅਗਸਤ 1664 ਵਿਚ 44 ਸਾਲ ਦੀ ਆਯੂ ਵਿਚ ਆਪ ਨੂੰ ਗੁਰ ਗੱਦੀ ਦੀ ਜ਼ੁੰਮੇਵਾਰੀ ਸੌਂਪ ਦਿੱਤੀ। ਬਾਕੀ ਆਪਣੀਆਂ ਕੂੜ ਦੀਆਂ ਦੁਕਾਨਾਂ ਸਮੇਟ ਕੇ ਚਲਦੇ ਬਣੇ।

ਧਾਰਮਿਕ ਸਥਾਨਾਂ ਦੀ ਯਾਤਰਾ ਕਰਦਿਆਂ 16 ਨਵੰਬਰ 1665 ਵਿਚ ਆਪ ਜੀ ਕੀਰਤਪੁਰ ਤੋਂ ਹਰਿਮੰਦਰ ਸਾਹਿਬ ਦਰਸ਼ਨਾਂ ਲਈ ਗਏ ਪਰ ਲੋਭੀ ਲਾਲਚੀ ਪੁਜਾਰੀਆਂ ਨੇ ਸਮਝਿਆ ਕਿ ਉਹ ਇਸ ਹਰਿਮੰਦਰ 'ਤੇ ਕਬਜ਼ਾ ਕਰਨ ਲਈ ਆਏ ਹਨ। ਇਸ ਲਈ ਉੱਨ੍ਹਾਂ ਨੇ ਹਰਿਮੰਦਰ ਸਾਹਿਬ ਦੇ ਕਿਵਾੜ ਬੰਦ ਕਰ ਦਿੱਤੇ ਅਤੇ ਗੁਰੂ ਜੀ ਨੂੰ ਅੰਦਰ ਨਾ ਜਾਣ ਦਿੱਤਾ। ਸ਼ਾਂਤੀ ਦੇ ਪੁੰਜ ਗੁਰੂ ਜੀ ਨੇ ਹਰਿਮੰਦਰ ਸਾਹਿਬ ਦੇ ਪੁਜਾਰੀਆਂ ਦੇ ਰੁੱਖੇ ਤੇ ਕੋਝੇ ਵਰਤਾਵੇ ਨੂੰ ਅਣਗੌਲਿਆ ਕਰ ਦਿੱਤਾ ਅਤੇ ਬਾਹਰ ਇੱਕ ਥੜ੍ਹੇ 'ਤੇ ਸਬਰ, ਸੰਤੋਖ ਤੇ ਸ਼ਾਂਤੀ ਨਾਲ਼ ਰਾਤ ਕੱਟੀ, ਦਰਸ਼ਨ ਕੀਤੇ ਬਗੈਰ ਵਾਪਸ ਆਆਏ।

ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦੀਆਂ ਲੰਮੀਆਂ ਉਦਾਸੀਆਂ (ਯਾਤਰਾਵਾਂ) ਪਿੱਛੋਂ ਧਰਮ ਦੇ ਪ੍ਰਚਾਰ ਲਈ ਗੁਰ-ਗੱਦੀ ਦੀ ਨੌਵੀਂ ਜੋਤ ਗੁਰੂ ਤੇਗ਼ ਬਹਾਦਰ ਸਾਹਿਬ ਨੇ ਹੀ ਦੇਸ਼ ਦੇ ਵੱਖ ਵੱਖ ਭਾਗਾਂ ਵਿਚ ਲੰਮੀਆਂ ਯਾਤਰਾਵਾਂ ਕੀਤੀਆਂ। ਮਾਝਾ, ਮਾਲਵਾ, ਦੁਆਬਾ ਤੇ ਬਾਂਗਰ ਆਦਿ ਤੋਂ ਇਲਾਵਾ ਕੁਰੂਕਸ਼ੇਤਰ, ਬਨਾਰਸ ਤੇ ਗਯਾ ਆਦਿ ਥਾਵਾਂ ਤੋਂ ਹੁੰਦੇ ਹੋਏ ਬਿਹਾਰ ਵਿਚ ਪਟਨੇ ਪਹੁੰਚੇ। ਆਪਣੇ ਪਰਿਵਾਰ ਨੂੰ ਇੱਥੇ ਪਟਨੇ ਛੱਡ ਕੇ, ਆਪ ਜੀ ਨੇ ਢਾਕਾ, ਬੰਗਾਲ, ਅਸਾਮ ਵੱਲ ਯਾਤਰਾ ਕੀਤੀ। ਵਹਿਮਾਂ ਭਰਮਾਂ ਵਿਚ ਫਸੀ ਤੇ ਕੁਰਾਹੇ ਪਈ ਲੁਕਾਈ ਨੂੰ ਸੱਚ ਦੇ ਮਾਰਗ 'ਤੇ ਚੱਲਣ,ਧਰਮ ਦੀ ਕਿਰਤ ਕਰਨ, ਸੰਗਤ ਤੇ ਪੰਗਤ ਦੇ ਸਿਧਾਂਤ ਅਨੁਸਾਰ ਵੰਡ ਕੇ ਛਕਣ ਦਾ ਸਿੱਖੀ ਸਿਧਾਂਤ ਦਾ ਸੁਨੇਹਾਂ ਦਿੱਤਾ।ਪੀਣ ਵਾਲੇ ਪਾਣੀ ਕਿੱਲਤ ਦੂਰ ਕਰਨ ਲਈ ਖੂਹ ਤੇ ਤਲਾਬ ਬਣਵਾਏ। ਚੰਗੀ ਨਸਲ ਦੀਆਂ ਗਊਆਂ ਤੇ ਪਸ਼ੂ ਰੱਖਣ ਲਈ ਪ੍ਰੇਰਨਾ ਕੀਤੀ ਅਤੇ ਇਸ ਲਈ ਲੋੜ ਅਨੁਸ-ਾਰ ਆਰਥਕ ਸਹਾਇਤਾ ਵੀ ਕਰਦੇ ਰਹੇ।

ਆਪ ਨੇ ਜਾਤ ਪਾਤ, ਊਚ ਨੀਚ ਤੇ ਛੂਤ ਛਾਤ ਤੇ ਵਹਿਮਾ ਭਰਮਾ ਦਾ ਤਿਆਗ ਕਰਨ, ਪਰਸਪਰ ਆਪਸੀ ਪਿਆਰ ਤੇ ਭਰਾਤਰੀ ਭਾਵ ਨਾਲ ਰਹਿਣ ਦਾ ਉਪਦੇਸ਼ ਕੀਤਾ। ਇਸਤ੍ਰੀ ਜਾਤੀ ਦਾ ਸਨਮਾਨ ਤੇ ਸਤਿਕਾਰ ਕਰਨ, ਰੂਹਾਨੀ ਗਿਆਨ ਦੇ ਧਾਰਨੀ ਬਣਨ, ਮਿਹਨਤ ਤੇ ਸੱਚੀ ਸੁੱਚੀ ਕਿਰਤ ਕਰਨ, ਜੀਵਨ ਸੰਘਰਸ਼ ਵਿਚ ਅਣਖ ਤੇ ਅਜ਼ਾਦੀ ਨਾਲ਼ ਰਹਿਣ ਦੀ ਜ਼ੋਰਦਾਰ ਪ੍ਰੇਰਨਾ ਕੀਤੀ। ਸਮਾਜ ਦੇ ਨਿਮਾਣੇ, ਨਿਤਾਣੇ ਤੇ ਕਮਜ਼ੋਰ ਸਮਝੇ ਜਾਂਦੇ ਵਰਗਾਂ ਵਿਚ ਅਣਖ, ਅਜ਼ਾਦੀ ਤੇ ਰੜਕ ਨਾਲ਼ ਜਵਨ ਜਿਓਣ ਦੇ ਬੀਜ ਬੀਜੇ। ਗੁਰੂ ਜੀ ਦੀਆਂ ਸਿਖਿਆਵਾਂ ਦਾ ਲੋਕਾਂ 'ਤੇ ਬਹੁਤ ਗਹਿਰਾ ਪ੍ਰਭਾਵ ਪਿਆ ਅਤੇ ਉਨ੍ਹਾ ਦੇ ਵਿਚਾਰ ਤੇ ਇਰਾਦੇ ਦ੍ਰਿੜ੍ਹ ਤੇ ਪਰਪੱਕ ਹੁੰਦੇ ਗਏ।



ਅਨੰਦਪੁਰ ਦੀ ਸਥਾਪਨਾ:-ਗੁਰੂ ਤੇਗ ਬਹਾਦਰ ਸਾਹਿਬ ਨੇ ਸ਼ਿਵਾਲਕ ਦੀਆਂ ਪਹਾੜੀਆਂ ਵਿਚ, ਸਤਲੁਜ ਦੇ ਕਿਨਾਰੇ, ਕੁਦਰਤ ਦੀ ਗੋਦ ਵਿਚ, ਪਿੰਡ ਮਾਖੋਵਾਲ, ਮਟੌਰ ਤੇ ਲੋਧੀਪੁਰ ਦੀ ਜ਼ਮੀਨ ਬਿਲਾਸਪੁਰ ਦੇ ਕਹਿਲੂਰ ਰਾਜੇ ਦਲੀਪ ਚੰਦ ਤੋਂ 2200 ਰੁਪਏ ਵਿਚ ਖਰੀਦੀ। ਮਾਖੋਵਾਲ ਭੂਤਾਂ-ਪ੍ਰੇਤਾਂ ਦਾ ਪਿੰਡ ਸਮਝਿਆ ਜਾਂਦਾ ਸੀ। ਡਰਦੇ ਲੋਕ ਉੱਥੇ ਜਾਂਦੇ ਨਹੀਂ ਸਨ। ਪਰ ਗੁਰੂ ਸਾਹਿਬ ਨੇ ਇਹ ਖਰੀਦ ਲਿਆ ਤੇ ਆਬਾਦ ਕਰ ਲਿਆ, ਵਹਿਮ ਭਰਮ ਦੂਰ ਹੋ ਗਏ। ਸਤਲੁਜ ਨਦੀ ਦੇ ਕਿਨਾਰੇ ਅਤੇ ਪਹਾੜੀਆਂ ਵਿਚ ਘਿਰੀ ਇਕਾਂਤ ਤੇ ਇਕਾਗਰਤਾ ਲਈ ਅਤੇ ਜੰਗੀ ਦ੍ਰਿਸ਼ਟੀਕੋਨ ਤੋਂ ਇਹ ਜਗਾਹ ਬਹੁਤ ਢੁਕਵੀਂ ਸੀ। 19 ਜੂਨ 1665 ਨੂੰ ਇਸ ਨਗਰ ਦੀ ਨੀਹ ਰੱਖੀ ਗਈ। ਗੁਰੂ ਤੇਗ਼ ਬਹਾਦਰ ਜੀ ਨੇ ਇਸ ਦਾ ਨਾਂ ਛੇਵੇਂ ਗੁਰੂ ਜੀ ਦੇ ਮਹਿਲ (ਸੁਪਤਨੀ) ਮਾਤਾ ਨਾਨਕੀ ਦੇ ਨਾਂ 'ਤੇ "ਚੱਕ ਨਾਨਕੀ" ਰੱਖਿਆ। 1689 ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਾ ਨਾਂ ਚੱਕ ਨਾਨਕੀ ਤੋਂ ਬਦਲ ਕੇ "ਅਨੰਦਪੁਰ" ਰੱਖਿਆ। ਇਸ ਪਿੱਛੋਂ ਦਸਮੇਸ਼ ਪਿਤਾ ਨੇ ਇਸ ਦਾ ਹੋਰ ਵਿਸਥਾਰ ਕੀਤਾ। ਇਸ ਵਿਚ ਪੰਜ ਕਿਲੇ (ਲੋਹਗੜ੍ਹ, ਹੋਲਗੜ੍ਹ, ਫਤਿਹਗੜ੍ਹ, ਅਨੰਦਗੜ੍ਹ, ਕੇਸਗੜ੍ਹ) ਤਿਆਰ ਕੀਤੇ। ਅੰਮ੍ਰਿਤ ਛਕਾਉਣ ਦੀ ਰਸਮ ਵੀ ਇੱਥੋਂ ਹੀ ਅਰੰਭ ਕੀਤੀ। ਇਸ ਨੂੰ ਖਾਲਸੇ ਦੀ ਜਨਮ-ਭੂਮੀ ਆਖਿਆ ਜਾਂਦਾ ਹੈ। ਸਿੱਖਾਂ ਦੇ ਪੰਜ ਤਖਤਾਂ (ਅਕਾਲ ਤਖਤ ਸਾਹਿਬ, ਪਟਨਾ ਸਾਹਿਬ, ਕੇਸਗੜ੍ਹ ਸਾਹਿਬ, ਹਜ਼ੂਰ ਸਾਹਿਬ, ਦਮਦਮਾ ਸਾਹਿਬ) ਵਿਚੋਂ ਇਸ ਨੂੰ ਇਕ 'ਤਖਤ' ਹੋਣ ਦਾ ਰੁਤਬਾ ਪ੍ਰਾਪਤ ਹੈ। ਇਸ ਤਖਤ ਦਾ ਨਾਂ "ਤਖਤ ਸ੍ਰੀ ਕੇਸਗੜ੍ਹ ਸਾਹਿਬ" ਹੈ। ਗੁਰੂ ਗੋਬਿੰਦ ਸਿੰਘ ਜੀ 27 ਸਾਲ ਅਨੰਦਪੁਰ ਰਹੇ।

ਸ਼ਹਾਦਤ:- ਕਸ਼ਮੀਰੀ ਪੰਡਤਾਂ ਦੀ ਫਰਿਆਦ ਉੱਤੇ ਅਤੇ ਔਰੰਗਜ਼ੇਬ ਦੇ ਜ਼ੁਲਮ ਤੇ ਤਸ਼ੱਦਦ ਦੀ ਹਨੇਰੀ ਨੂੰ ਠੱਲ੍ਹ ਪਾਉਣ ਲਈ ਆਪ ਥਾਂ-ਥਾਂ ਪ੍ਰਚਾਰ ਕਰਦੇ ਦਿੱਲੀ ਵੱਲ ਚੱਲ ਪਏ। ਪਰ ਰਸਤੇ ਵਿਚ ਗੁਰੂ ਜੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਆਖਿਆ ਜਾਂਦਾ ਹੈ ਕਿ ਗੁਰੂ ਜੀ ਨੂੰ ਇੱਕ ਲੋਹੇ ਦੇ ਪਿੰਜਰੇ ਵਿਚ ਭਿਆਨਕ ਤਸੀਹੇ ਦਿੱਤੇ ਜਾਂਦੇ ਰਹੇ। ਗੁਰੂ ਜੀ ਨੂੰ ਆਪਣੇ ਧਰਮ ਕਰਮ ਤੋਂ ਡੇਗਣ ਤੇ ਡਰਾਉਣ ਲਈ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਭਾਈ ਦਿਆਲ ਦਾਸ ਨੂੰ ਉੱਬਲਦੀ ਦੇਗ ਵਿਚ ਸਾੜਿਆ ਗਿਆ। ਭਾਈ ਸਤੀ ਦਾਸ ਨੂੰ ਰੂੰ ਵਿਚ ਬੰਨ੍ਹ ਕੇ ਸਾੜਿਆ ਗਿਆ। ਭਾਈ ਮਤੀ ਦਾਸ ਨੂੰ ਆਰੇ ਨਾਲ਼ ਚੀਰਿਆ ਗਿਆ। ਪਰ ਗੁਰੂ ਜੀ ਪਰਬਤ ਵਾਂਗ ਅਟੱਲ, ਅਡੋਲ ਤੇ ਅਡਿੱਗ ਰਹੇ। ਅੰਤ ਸਰਕਾਰੀ ਸੂਬੇਦਾਰ ਤੇ ਸ਼ਾਹੀ ਕਾਜ਼ੀ ਵਲੋਂ ਤਿੰਨ ਸ਼ਰਤਾਂ ਰੱਖੀਆਂ: ਕੋਈ ਕਰਾਮਾਤ ਦਿਖਾਓ ਜਾਂ ਮੁਸਲਮਾਨ ਬਣ ਜਾਓ, ਨਹੀਂ ਤਾਂ ਮੌਤ ਲਈ ਤਿਆਰ ਹੋ ਜਾਓ। ਗੁਰੂ ਜੀ ਨੇ ਆਖਰੀ ਸ਼ਰਤ ਪਰਵਾਨ ਕਰ ਲਈ। ਅੰਤ 11 ਨਵੰਬਰ 1675 ਨੂੰ ਔਰੰਗਜ਼ੇਬ ਦੀ ਤੁਅਸਬੀ ਹਕੂਮਤ ਨੇ ਗੁਰੂ ਜੀ ਨੂੰ ਚਾਂਦਨੀ ਚੌਕ ਵਿਚ ਸ਼ਹੀਦ ਕਰ ਦਿੱਤਾ।

ਗੁਰੂ ਜੀ ਦੀ ਇਹ ਅਦੁੱਤੀ ਸ਼ਹਾਦਤ ਸੀ; ਜਿਸ ਦੇ ਧੜ ਦਾ ਕਿਸੇ ਹੋਰ ਥਾਂ ਅਤੇ ਸੀਸ ਦਾ ਕਿਸੇ ਹੋਰ ਥਾਂ ਸਸਕਾਰ ਕੀਤਾ ਗਿਆ ਹੋਵੇ। ਭਾਈ ਜੈਤਾ ਗੁਰੂ ਜੀ ਦਾ ਸੀਸ ਲੈ ਕੇ ਅਨੰਦਪੁਰ ਪੁੱਜਾ; ਜਿੱਥੇ ਸੀਸ ਦਾ ਸਸਕਾਰ ਕੀਤਾ ਗਿਆ। ਧੜ ਦਾ ਸਸਕਾਰ ਲੱਖੀ ਸ਼ਾਹ ਵਣਜਾਰਾ ਨੇ ਦਿੱਲੀ ਆਪਣੇ ਘਰ ਵਿਚ ਕੀਤਾ। ਦਿੱਲੀ ਵਿਚ ਸ਼ਹੀਦੀ ਅਸਥਾਨ ਦਾ ਨਾਂ ਗੁਰਦੁਆਰਾ ਸੀਸਗੰਜ ਹੈ ਅਤੇ ਸਸਕਾਰ ਵਾਲੇ ਅਸਥਾਨ ਦਾ ਨਾਂ ਗੁਰਦੁਆਰਾ ਰਕਾਬ ਗੰਜ ਹੈ

ਤੇਗ ਬਹਾਦਰ ਕੇ ਚਲਤ ਭਇਓ ਜਗਤ ਮੇ ਸ਼ੋਕ।
ਹੈ ਹੈ ਹੈ ਸਭ ਜਗ ਭਇਓ ਜੈ ਜੈ ਜੈ ਸੁਰ ਲੋਕ।

ਗੁਰੂ ਜੀ ਦੀ ਬਾਣੀ, ਸਿੱਖਿਆ ਤੇ ਸਿਧਾਂਤ: ਗੁਰ੍ਹੂ ਜੀ ਦੀ ਕੁਲ ਆਯੂ 54 ਸਾਲ, 7 ਮਹੀਨੇ, 11 ਦਿਨ ਸੀ ਅਤੇ ਆਪ ਜੀ 11 ਸਾਲ, 2 ਮਹੀਨੇ, 11 ਦਿਨ ਗੁਰ-ਗੱਦੀ 'ਤੇ ਬਿਰ-ਾਜਮਾਨ ਹੋਏ। ਵੱਖ-ਵੱਖ ਸਮੇ 'ਤੇ ਸਿੱਖ ਸੰਗਤ ਲਈ 22 ਹੁਕਮਨਾਮੇ ਜਾਰੀ ਕੀਤੇ ਹਨ। ਗੁਰੂ ਗ੍ਰੰਥ ਸਾਹਿਬ ਵਿਚ, ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ 15 ਰਾਗਾਂ (ਗਉੜੀ, ਆਸਾ, ਦੇਵਗੰਧਾਰੀ, ਬਿਹਾਗੜਾ, ਸੋਰਠਿ, ਧਨਾਸਰੀ, ਜੈਤਸਰੀ, ਟੋਡੀ, ਤਿਲੰਗ, ਬਿਲਾਵਲ, ਰਾਮਕਲੀ, ਮਾਰੂ, ਬਸੰਤ, ਸਾਰੰਗ, ਜੈਜਾਵੰਤੀ) ਵਿਚ ਹੈ। ਸਾਰੀ ਬਾਣੀ ਵਿਚ 69 ਸ਼ਬਦ ਤੇ 57 ਸਲੋਕ ਹਨ। ਗੁਰੂ ਸਾਹਿਬ ਦੀ ਬਾਣੀ ਵਿਚ ਤਿਆਗ, ਵਿਰਾਗ,ਸਦਾਚਾਰ,ਅਣਖ ਤੇ ਗੌਰਵਤਾ ਦਾ ਉਪਦੇਸ਼ ਹੈ।

ਸਿੱਖ ਮੱਤ ਦੇ ਕੇਂਦਰੀ ਦ੍ਰਿਸ਼ਟੀ ਕੋਣ ਵਿਚ ਸੱਤ ਤੇ ਅਸੱਤ, ਸਥਿਰ ਤੇ ਅਸਥਿਰ, ਸਦੀਵੀ ਤੇ ਸੰਸਾਰਕ ਸੱਚਾਈ ਤੇ ਬੁਰਿਆਈ ਦਾ ਅੰਤਰ ਦਰਸਾਇਆ ਗਿਆ ਹੈ। ਇਸੇ ਅਧਾਰ 'ਤੇ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਵਿਚ ਜੀਵਨ ਦੀਆਂ ਖੁਸ਼ੀਆਂ ਗਮੀਆਂ, ਦੁੱਖ ਸੁਖ, ਮਾਨ ਅਪਮਾਨ ਅਤੇ ਨਿੰਦਾ ਤੇ ਉਸਤਤ ਤੋਂ ਨਿਰਲੇਪ ਰਹਿਣ ਦਾ ਉਪਦੇਸ਼ ਮਿਲਦਾ ਹੈ। ਗੁਰੂ ਜੀ ਦੀ ਬਾਣੀ ਦੀ ਮੁੱਖ ਤੌਰ 'ਤੇ ਪ੍ਰਧਾਨ ਸੁਰ ਭਗਤੀ ਭਾਵਨਾ ਵਾਲੀ ਹੈ, ਉਸ ਵਿਚ ਰੱਬੀ ਰਜ਼ਾ ਵਿਚ ਰਹਿਣ, ਭਗਤੀ ਭਾਵਨਾ ਦਾ ਤੇ ਨਿਮਰਤਾ ਤੇ ਸ਼ਾਂਤੀ ਦਾ ਸੰਦੇਸ਼ ਮਿਲਦਾ ਹੈ

ਆਪਣੀ ਬਾਣੀ ਵਿਚ ਗੁਰੂ ਜੀ ਨੇ ਮਨੁੱਖ ਤੇ ਆਤਮਾ ਲਈ ਬਹੁਤ ਖੂਬਸੂਰਤ ਤਸ਼ਬੀਹਾਂ ਵਰਤੀਆਂ ਹਨ। ਜਿਵੇਂ:- ਮਨੁੱਖੀ ਲਾਲਸਾ ਨੂੰ ਮੱਛੀ ਦਾ ਜਾਲ, ਜੀਵਨ ਇੱਕ ਪਾਣੀ ਦਾ ਬੁਲਬੁਲਾ, ਜ਼ਿੰਦਗੀ ਦੇ ਭੋਗ ਮੋਖ ਤੇ ਸੁਖ ਸੁਆਦ ਬੱਦਲ ਦੀ ਛਾਇਆ ਸਮਾਨ, ਵਹਿਮ ਤੇ ਭਰਮ ਵਿਚ ਸੁੱਤਾ ਮਨੁੱਖ, ਰੂਹ ਦੀ ਉਡਾਰੀ ਹੰਸ-ਉਡਾਰੀ ਆਦਿ। ਸਾਰੀ ਬਾਣੀ ਵਿਚ ਪਰਚਲਤ ਸਮਾਜ ਵਿਚ ਵਰਤੀ ਜਾਂਦੀ ਭਾਸ਼ਾ ਵਿਚ ਹੈ; ਜੋ ਸਿੱਧੀ, ਸਾਦੀ, ਸੰਖੇਪ ਤੇ ਸਭ ਦੀ ਸਮਝ ਵਿਚ ਆਉਣ ਵਾਲੀ ਹੈ।

ਗੁਰੂ ਗ੍ਰੰਥ ਸਾਹਿਬ ਦੇ ਸੰਕਲਣ ਤੋਂ ਕੋਈ ਸੌ ਸਾਲ ਪਿੱਛੋਂ ਦਸਵੇਂ ਸਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੀ। ਆਪ ਜੀ ਦੀ ਸਮੁੱਚੀ ਬਾਣੀ ਵਿਚੋਂ ਤਿਆਗ, ਵੈਰਾਗ, ਸੰਜਮ ਤੇ ਸੰਤੋਖੀ ਜੀਵਨ ਜਿਓਣ ਦੀ ਸੇਧ ਤੇ ਸਿੱਖਿਆ ਮਿਲਦੀ ਹੈ। ਫਿਰ ਵੀ ਗੁਰੂ ਗ੍ਰੰਥ ਸਾਹਿਬ ਦੇ ਅੰਤਲੇ ਸਲੋਕ, ਜਿਨ੍ਹਾਂ ਨੂੰ ਭੋਗ ਦੇ ਸਲੋਕ ਆਖਿਆ ਜਾਂਦਾ ਹੈ, ਜੋ ਗਿਣਤੀ ਵਿਚ 57 ਸਲੋਕ ਹਨ, ਉਨ੍ਹਾਂ ਵਿਚ ਗੁਰੂ ਜੀ ਦੀ ਜੀਵਨ ਫਿਲਾਸਫੀ, ਸਿਖਿਆ ਤੇ ਸਿਧਾਂਤ ਦਾ ਤੱਤਸਾਰ ਜਾਂ ਨਿਚੋੜ ਆਖਿਆ ਜਾ ਸਕਦਾ ਹੈ। ਸਭ ਤੋਂ ਮਹਾਨ ਤੇ ਪ੍ਰਭਾਵਸ਼ਾਲੀ ਫਿਲਾਸਫੀ ਇਨ੍ਹਾਂ ਸਲੋਕਾਂ ਵਿਚੋਂ ਮਿਲਦੀ ਹੈ:-

*ਉਸਤਤਿ ਨਿੰਦਿਆ ਨਾਹਿ*
*ਜਿਹਿ, ਕੰਚਨ ਲੋਹ ਸਮਾਨਿ।*
*ਕਹੁ ਨਾਨਕ ਸੁਨ ਰੇ*
*ਮਨਾ, ਮੁਕਤਿ ਤਾਹਿ ਤੈ ਜਾਨਿ।।*
*ਭੈ ਕਾਹੂ ਕਉ ਦੇਤ ਨਹਿ, ਨਹਿ*
*ਭੈ ਮਾਨਤ ਆਨ।*
*ਕਹੁ ਨਾਨਕ ਸੁਣ ਰੇ ਮਨਾ*
*ਗਿਆਨੀ ਤਾਹਿ ਬਖਾਨ।।*

# ਸਿੱਖ ਹੈਰੀਟੇਜ ਸੈਂਟਰ ਵੱਲੋਂ ਲਾਈਫ਼-ਸਰਟੀਫ਼ੀਕੇਟ ਕੈਂਪ ਲਾਉਣ ਦਾ ਉਪਰਾਲਾ ਸ਼ਲਾਘਾਯੋਗ ਪਰ ਕੁਝ ਕਮੀਆਂ ਵੀ ਰਹੀਆਂ



ਕੈਪਟਨ ਇਕਬਾਲ ਸਿੰਘ ਵਿਰਕ
ਫ਼ੋਨ: 647-631-9445

ਲੰਘੇ ਐਤਵਾਰ 7 ਨਵੰਬਰ ਨੂੰ ਇੰਡੀਅਨ ਕੌਂਸਲੇਟ ਜਨਰਲ ਆਫ਼ਿਸ ਵੱਲੋਂ ਗੁਰਦੁਆਰਾ ਸਿੱਖ ਹੈਰੀਟੇਜ ਸੈਂਟਰ ਦੇ ਸਹਿਯੋਗ ਨਾਲ ਭਾਰਤ ਦੇ ਪੈਨਸ਼ਨਰਾਂ ਦੀ ਸਹੂਲਤ ਲਈ ਉਨ੍ਹਾਂ ਦੇ ਲਾਈਫ਼ ਸਰਟੀਫ਼ੀਕੇਟ ਬਨਾਉਣ ਲਈ ਕੈਂਪ ਦਾ ਆਯੋਜਨ ਕੀਤਾ ਗਿਆ। ਪਤਾ ਲੱਗਾ ਹੈ ਕਿ ਨਿਰਧਾਰਤ ਸਮੇਂ ਤੋਂ ਪਹਿਲਾਂ ਸਵੇਰੇ 8.00 ਵਜੇ ਤੋਂ ਹੀ ਸੀਨੀਅਰਾਂ ਦੀਆਂ ਲਾਈਨਾਂ ਲੱਗਣੀਆਂ ਸ਼ੁਰੂ ਹੋ ਗਈਆਂ ਜੋ 10.00 ਵਜੇ ਤੱਕ ਕਾਫ਼ੀ ਲੰਮੀਆਂ ਹੋ ਗਈਆਂ। ਸਰਟੀਫ਼ੀਕੇਟ ਪ੍ਰਾਪਤ ਕਰਨ ਵਾਲਿਆਂ ਨੂੰ ਟੋਕਨ ਨੰਬਰ ਅਤੇ ਲੋੜੀਂਦੇ ਫ਼ਾਰਮ ਦਿੱਤੇ ਗਏ ਅਤੇ ਠੀਕ 10.00 ਵਜੇ ਉਨ੍ਹਾਂ ਵੱਲੋਂ ਭਰੇ ਗਏ ਫ਼ਾਰਮਾਂ ਉੱਪਰ ਅਧਿਕਾਰੀਆਂ ਵੱਲੋਂ ਦਸਤਖ਼ਤ ਕਰਨ ਦੀ ਪ੍ਰਕਿਰਿਆ ਆਰੰਭ ਹੋ ਗਈ।

ਇਕ ਅੰਦਾਜ਼ੇ ਅਨੁਸਾਰ ਇਹ ਸਰਟੀਫ਼ੀਕੇਟ ਲੈਣ ਵਲਿਆਂ ਦੀ ਗਿਣਤੀ 1200 ਤੋਂ ਵੀ ਵਧੀਕ ਸੀ। ਪ੍ਰਬੰਧਕਾਂ ਅਨੁਸਾਰ 1083 ਵਿਅੱਕਤੀਆਂ ਨੂੰ ਟੋਕਨ ਨੰਬਰ ਦਿੱਤੇ ਗਏ ਅਤੇ ਗੁਰਦੁਆਰਾ ਕਮੇਟੀ ਦੇ ਕੈਸ਼ੀਅਰ ਅਜੀਤ ਸਿੰਘ ਬਾਵਾ ਖ਼ੁਦ ਆਪ ਇਹ ਟੋਕਨ ਦੇ ਰਹੇ ਸਨ। ਕਮੇਟੀ ਦੇ ਪ੍ਰਧਾਨ ਸਾਹਿਬ, ਸਕੱਤਰ ਅਤੇ ਹੋਰ ਮੈਂਬਰ ਵੀ ਕਾਫ਼ੀ ਸਰਗ਼ਰਮ ਦਿਖਾਈ ਦੇ ਰਹੇ ਸਨ। ਕੌਂਸਲੇਟ ਜਨਰਲ ਦਫ਼ਤਰ ਵੱਲੋਂ ਦੋ ਹਫ਼ਤੇ ਪਹਿਲਾਂ ਜਾਰੀ ਕੀਤੀ ਗਈ ਜਾਣਕਾਰੀ ਅਨਸਾਰ ਕੈਂਪ ਦੀ ਸਮਾਪਤੀ ਦਾ ਸਮਾਂ ਬਾਅਦ ਦੁਪਹਿਰ 2.00 ਵਜੇ ਦਰਸ-ਾਇਆ ਗਿਆ ਸੀ। ਇਸ ਦੌਰਾਨ ਗਿਆਰਾਂ ਕੁ ਵਜੇ ਪ੍ਰਬੰਧਕਾਂ ਵੱਲੋਂ ਲਾਊਡ ਸਪੀਕਰ 'ਤੇ ਸੂਚਨਾ ਦਿੱਤੀ ਗਈ ਕਿ ਉਸ ਦਿਨ ਕੇਵਲ 800 ਸਰਟੀਫ਼ੀਕੇਟ ਹੀ ਜਾਰੀ ਕੀਤੇ ਜਾਣਗੇ। ਇਸ ਲਈ ਇਸ ਤੋਂ ਉੱਪਰਲ ਟੋਕਨ ਨੰਬਰਾਂ ਵਾਲੇ ਨਿਰਾਸ਼ ਹੋ ਕੇ ਘਰਾਂ ਨੂੰ ਵਾਪਸ ਜਾਣੇ ਸ਼ੁਰੂ ਹੋ ਗਏ। ਕਈ ਪੈਨਸ਼ਨਰ ਤਾਂ ਕਾਫ਼ੀ ਦੂਰ-ਦੁਰਾਢੇ ਸ਼ਹਿਰਾਂ ਤੋਂ ਆਏ ਹੋਏ ਸਨ। ਦੋ-ਤਿੰਨ ਵਿਅੱਕਤੀਆਂ ਨਾਲ ਗੱਲਬਾਤ ਕਰਨ 'ਤੇ ਪਤਾ ਲੱਗਾ ਕਿ ਉਹ ਕਿੰਗਸਟਨ ਅਤੇ ਵਿੰਡਸਰ ਸ਼ਹਿਰਾਂ ਤੋਂ ਤਿੰਨ-ਚਾਰ ਘੰਟੇ ਦੀ ਕਾਰ ਡਰਾਈਵ ਤੋਂ ਬਾਅਦ ਇੱਥੇ ਪਹੁੰਚੇ ਹਨ। ਪਤਾ ਲੱਗਾ ਹੈ ਕਿ ਉਨ੍ਹਾਂ ਅਤੇ ਉੱਥੇ ਮੌਜੂਦ ਹੋਰ ਪੈਨਸ਼ਨਰਾਂ ਦੀ ਬੇਨਤੀ 'ਤੇ ਕੌਂਸਲੇਟ ਜਨਰਲ ਦੇ ਦਫ਼ਤਰ ਦਾ ਸਟਾਫ਼ ਸ਼ਾਮ 5.00 ਵਜੇ ਤੀਕ ਇਹ ਕੰਮ ਬਾਖ਼ੂਬੀ ਨਿਪਟਾਉਂਦਾ ਰਿਹਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਪੈਨਸ਼ਨਰਾਂ ਦੀ ਸਹੂਲਤ ਲਈ ਗੁਰਦ-ੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਲੋੜੀਂਦੇ ਪ੍ਰਬੰਧ ਕੀਤੇ ਗਏ ਸਨ ਪਰ ਟੈਂਟਾਂ ਵਿਚ ਬੈਠਣ ਲਈ ਸੀਮਤ ਜਗ੍ਹਾ ਹੋਣ ਕਰਕੇ ਬਹੁਤ ਸਾਰੇ ਬਜ਼ੁਰਗ ਬਾਹਰ ਖੜੇ ਸਨ ਜਾਂ ਬੈਠਣ ਲਈ ਇਧਰ ਉੱਧਰ ਥਾਵਾਂ ਦੀ ਭਾਲ਼ ਕਰ ਰਹੇ ਸਨ। ਏਨਾ ਸ਼ੁਕਰ ਸੀ ਕਿ ਉਸ ਦਿਨ ਮੌਸਮ ਬੜਾ ਵਧੀਆ ਰਿਹਾ। ਮੀਹ-ਕਣੀ ਦਾ ਬਚਾਅ ਰਿਹਾ ਅਤੇ ਬਾਹਰ ਧੁੱਪ ਲੱਗੀ ਹੋਣ ਦੇ ਕਾਰਨ ਸਰਦੀ ਵੀ ਨਹੀ ਸੀ। ਇਸ ਦੌਰਾਨ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ ਚਾਹ-ਪਾਣੀ ਦਾ ਵੀ ਪ੍ਰਬੰਧ ਕੀਤਾ ਗਿਆ ਸੀ ਪਰ ਬਰੈਂਪਟਨ ਵਿਚ ਇਸ ਸਾਲ ਦਾ ਇਹ ਪਹਿਲਾ ਅਜਿਹਾ ਕੈਂਪ ਹੋਣ ਕਾਰਨ ਉੱਥੇ ਲੋਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੋ ਗਈ ਅਤੇ ਚਾਹ-ਪਾਣੀ ਦੀ ਇਹ ਸਹੂਲਤ ਸੀਮਤ ਹੀ ਰਹੀ। ਅਲਬੱਤਾ, ਕੌਂਸਲੇਟ ਜਨਰਲ ਦੇ ਦਫ਼ਤਰ ਵੱਲੋਂ ਆਈ ਟੀਮ ਦਾ ਕੰਮ ਕਾਫ਼ੀ ਸ਼ਲਾਘਾਯੋਗ ਸੀ ਅਤੇ ਉਸ ਦੇ ਸਾਰੇ ਮੈਂਬਰ ਬੜੀ ਹਲੀਮੀ, ਸਹਿਨਸ਼ੀਲਤਾ ਅਤੇ ਸਤਿਕਾਰ ਨਾਲ ਬਜਰੁਗਾਂ ਨਾਲ ਵਿਚਰ ਰਹੇ ਸਨ। ਪੈਨਸ਼ਨਰਾਂ ਵਿਚ ਕਈ 85 ਤੋਂ 90 ਸਾਲ ਦੇ ਵਿਚਕਾਰ ਵੀ ਸਨ ਅਤੇ ਉਨ੍ਹਾਂ ਵਿੱਚੋਂ ਕਈ ਵੀਲ੍ਹ-ਚੇਅਰਾਂ 'ਤੇ ਵੀ ਸਨ ਜਿਨ੍ਹਾਂ ਨੂੰ ਬੜੇ ਅਦਬ-ਸਤਿਕਾਰ ਨਾਲ ਅੱਗੇ ਜਾਣ ਲਈ ਕਿਹਾ ਜਾ ਰਿਹਾ ਸੀ। ਜ਼ਿਆਦਾ ਤਕਲੀਫ਼ ਵਾਲਿਆਂ ਨੂੰ ਪਹਿਲ ਵੀ ਦਿੱਤੀ ਜਾ ਰਹੀ ਸੀ ਜਿਸ ਦਾ ਕੋਈ ਵਿਰੋਧ ਨਹੀਂ ਸੀ ਹੋ ਰਿਹਾ।

ਭਾਰਤੀ ਕੌਂਸਲੇਟ ਜਨਰਲ ਆਫ਼ਿਸ ਵੱਲੋਂ ਆਉਣ ਵਾਲੇ ਦਿਨਾਂ ਵਿਚ ਅਜਿਹੇ ਕੈਂਪ ਬਰੈਂਪਟਨ ਅਤੇ ਮਿਸੀਸਾਗਾ ਵਿਚ ਕਈ ਮੰਦਰਾਂ ਤੇ ਗੁਰਦੁਆਰਿਆਂ ਵਿਚ ਲਗਾਏ ਜਾ ਰਹੇ ਹਨ ਜਿਨ੍ਹਾਂ ਬਾਰੇ ਜਾਣਕਾਰੀ ਅਖ਼ਬਾਰਾਂ, ਰੇਡੀਓ, ਵੱਟਸਐਪ ਅਤੇ ਹੋਰ ਸੰਚਾਰ-ਸਾਧਨਾਂ ਰਾਹੀਂ ਦਿੱਤੀ ਜਾ ਚੁੱਕੀ ਹੈ। ਭਾਰਤੀ ਪੈਨਸ਼ਨਰਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਕੈਂਪਾਂ ਦਾ ਲਾਭ ਉਠਾ ਕੇ ਆਪਣੇ ਲਾਈਫ਼-ਸਰਟੀਫ਼ੀਕੇਟ ਬਣਵਾ ਲੈਣ ਅਤੇ ਅਧਿਕਾਰਤ ਬੈਂਕਾਂ/ਦਫ਼ਤਰਾਂ ਨੂੰ ਸਮੇਂ ਸਿਰ ਡਾਕ ਰਾਹੀਂ ਭੇਜ ਦੇਣ ਤਾਂ ਜੋ ਉਨ੍ਹਾਂ ਦੀ ਭਾਰਤ ਵਿਚਲੀ ਸਰਵਿਸ ਦੀ ਪੈਨਸ਼ਨ ਨਿਰਵਿਘਨ ਜਾਰੀ ਰਹਿ ਸਕੇ। ਇਸ ਦੇ ਨਾਲ ਹੀ ਕੌਂਸਲੇਟ ਜਨਰਲ ਆਫ਼ਿਸ ਨੂੰ ਵੀ ਬੇਨਤੀ ਹੈ ਕਿ ਉਹ ਇਨ੍ਹਾਂ ਕੈਂਪਾਂ ਦਾ ਸਮਾਂ ਸ਼ਾਮ ਦੇ ਪੰਜ ਵਜੇ ਤੱਕ ਵਧਾ ਦੇਣ ਜਿਵੇਂ ਕਿ ਬਾਅਦ ਵਿਚ ਇਸ ਕੈਂਪ ਵਿਚ ਕੀਤਾ ਗਿਆ।

*(ਸਹਿਯੋਗੀ: ਡਾ. ਸੁਖਦੇਵ ਸਿੰਘ ਝੰਡ, ਫ਼ੋਨ: 647-567-9128)*

# ਟੋਕਰੇ ਥੱਲੇ ਤਾੜੀ ਲੜਾਈ

-ਡਾ. ਬਲਜੀਤ ਸਿੰਘ ਢਿੱਲੋਂ-

ਪਤਾ ਨਹੀਂ ਸਾਡੇ ਪਿੰਡ ਦਾ ਕੀ ਰਿਵਾਜ ਸੀ ਕਿ ਉਥੇ ਜ਼ਨਾਨੀਆਂ ਆਪਸ ਵਿੱਚ ਅਕਸਰ ਲੜ ਪੈਂਦੀਆਂ ਸਨ। ਕਦੇ ਰੂੜੀ ਸੁੱਟਣ ਤੋਂ, ਕਦੇ ਪਥਕਣ ਵਿੱਚ ਪਾਥੀਆਂ ਪੱਥਣ ਤੋਂ, ਕਦੇ ਅੰਜਾਣਿਆਂ ਤੋਂ, ਕਦੇ ਗੁਆਂਢ-ਮੱਥੇ ਦੀ ਕਿਸੇ ਗੱਲ ਕਰ ਕੇ, ਨਿੱਕੇ ਬੱਚਿਆਂ ਦੀ ਲੜਾਈ ਵੀ ਕਈ ਵਾਰ ਕਾਰਨ ਬਣਦੀ ਸੀ। ਸਾਡੇ ਘਰ ਦੇ ਸਾਹਮਣੇ ਗਲੀਓਂ ਪਾਰ ਆਤਮਾ ਸਿੰਘ ਅਤੇ ਉਸ ਦੇ ਵੱਡੇ ਭਰਾ ਨਿਧਾਨ ਸਿੰਘ ਦਾ ਘਰ ਸੀ। ਪਹਿਲਾਂ ਘਰ ਸਾਂਝਾ ਤੇ ਵਧੀਆ ਪੱਕਾ ਸੀ। ਫਿਰ ਵੰਡ-ਵੰਡਾਈ ਵੇਲੇ ਵਿਹੜੇ ਦੇ ਵਿਚਕਾਰ ਚਾਰ ਫੁੱਟ ਉਚੀ ਕੱਚੀ ਕੰਧ ਕਰ ਦਿੱਤੀ ਗਈ ਤੇ ਕੰਧ ਦੇ ਦੋਹੀਂ ਪਾਸੀਂ ਦੋਹਾਂ ਘਰਾਂ ਨੇ ਪਸ਼ੂਆਂ ਲਈ ਲੰਮੀਆਂ ਖੁਰਲੀਆਂ ਬਣਾ ਲਈਆਂ। ਆਤਮਾ ਸਿੰਘ ਅਤੇ ਨਿਧਾਨ ਸਿੰਘ ਦੋਵਾਂ ਦੀਆਂ ਪਤਨੀਆਂ ਦਰਾਣੀ-ਜੇਠਾਣੀ ਸਨ। ਆਤਮਾ ਸਿੰਘ ਛੋਟਾ ਸੀ। ਇਨ੍ਹਾਂ ਦੋਹਾਂ ਦਰਾਣੀ-ਜੇਠਾਣੀ ਦੀ ਲੜਾਈ ਅਕਸਰ ਹੁੰਦੀ ਸੀ। ਇਹ ਲੜਾਈ ਖ਼ਾਸ ਕਿਸਮ ਦੀ ਸੀ ਤੇ ਪਿੰਡ ਵਿੱਚ ਇਸ ਦੀ ਚਰਚਾ ਆਮ ਹੁੰਦੀ ਸੀ। ਕਈ ਵਾਰ ਪਤਾ ਨਾ ਲੱਗਦਾ ਕਿ ਇਹ ਲੜਦੀਆਂ ਕਿਉਂ ਹਨ।

ਅਕਸਰ ਲੜਾਈ ਸ਼ਾਹ ਵੇਲੇ ਤੋਂ ਬਾਅਦ ਸ਼ੁਰੂ ਹੁੰਦੀ ਸੀ। ਦੋਵੇਂ ਜਣੀਆਂ ਜਦੋਂ ਖੂਹ ਉੱਤੇ ਹਾਲੀਆਂ ਦੀ ਰੋਟੀ ਆਦਿ ਦੇ ਕੇ ਆਉਂਦੀਆਂ ਤਾਂ ਆ ਕੇ ਪਾਣੀ ਆਦਿ ਪੀ ਕੇ ਵਿਹਲੀਆਂ ਹੋ ਕੇ ਲੜਨਾ ਸ਼ੁਰੂ ਕਰ ਦਿੰਦੀਆਂ। ਇਨ੍ਹਾਂ ਨੇ ਵਿਹੜੇ ਵਿੱਚ ਵੱਡੇ-ਵੱਡੇ ਟੋਕਰੇ ਰੱਖੇ ਸਨ, ਜਿਨ੍ਹਾਂ ਥੱਲੇ ਰਾਤ ਨੂੰ ਕੁੱਕੜ-ਕੁੱਕੜੀਆਂ ਤਾੜਦੇ ਸਨ। ਜਦੋਂ ਲੜਾਈ ਸ਼ੁਰੂ ਕਰਦੀਆਂ ਤਾਂ ਵਿਹੜੇ ਵਾਲੇ ਮੂਧੇ ਸਾਰੇ ਟੋਕਰੇ ਜਾਂ ਟੋਕਰੀਆਂ ਨੂੰ ਚੁੱਕ ਕੇ ਵਗਾਹ ਮਾਰਦੀਆਂ ਤੇ ਫਿਰ 'ਆ ਮੇਰੀਏ ਸੌਂਕਣੇ ਤੈਨੂੰ ਮੈਂ ਮਜ਼ਾ ਚਖਾਵਾਂ' ਟੋਕਰੇ ਥੱਲੇ ਤਾੜੀ ਹੋਈ ਲੜਾਈ ਨੂੰ ਬਾਹਰ ਕੱਢ ਲੈਂਦੀਆਂ ਅਤੇ ਸ਼ੁਰੂ ਹੋ ਜਾਂਦੀਆਂ, ਬਾਹਵਾਂ ਮਾਰਨ ਲੱਗਦੀਆਂ। ਪਹਿਲਾਂ ਮਿਹਣੇ ਦੇ ਕੇ ਲੜਦੀਆਂ, ਬਾਹਾਂ ਮਾਰ-ਮਾਰ ਕੇ, ਉਚੀ-ਉਚੀ, ਫਿਰ ਉਹ ਡੰਗਰਾਂ ਦੀ ਖੁਰਲੀ ਵਿੱਚ ਚੜ੍ਹ ਜਾਂਦੀਆਂ ਤੇ ਕੰਧ ਉਤੋਂ ਦੀ ਮੂੰਹ ਨੂੰ ਛਿੱਬੀਆਂ ਦੇ-ਦੇ ਕੇ ਲੜਾਈ ਕਰਦੀਆਂ। ਪੇਕਿਆਂ ਤੱਕ ਚਲੀਆਂ ਜਾਂਦੀਆਂ। ਫਿਰ ਪਿਛਲਿਆਂ ਨੂੰ ਨੌਲਦੀਆਂ, ਇੱਧਰਲਿਆਂ ਸਹੁਰਿਆਂ ਨੂੰ ਗਾਲ੍ਹਾਂ ਕੱਢਦੀਆਂ, ਭੈਣਾਂ-ਭਰਾਵਾਂ ਨੂੰ ਗਾਲ੍ਹਾਂ ਕੱਢਦੀਆਂ, ਵਿਆਹ ਦੇ ਦਾਜ ਦੀਆਂ ਗੱਲਾਂ, ਦੇਣ-ਲੈਣ ਦੀਆਂ ਗੱਲਾਂ, ਉਹ ਇੱਕ-ਦੂਜੀ ਨੂੰ ਫੜਨ ਤੱਕ ਜਾਂਦੀਆਂ। ਇੱਕ-ਦੂਜੀ ਦੇ ਕੱਪੜੇ ਪਾੜਨ ਤੱਕ ਜਾਂਦੀਆਂ, ਪਰ ਕੰਧ ਨਾ ਟੱਪਦੀਆਂ। ਕਈ ਵਾਰ ਗੁੱਸੇ ਵਿੱਚ ਇੱਕ-ਦੂਜੀ ਦੇ ਸਿਰ ਦੇ ਵਾਲ ਨੋਚ ਛੱਡਦੀਆਂ ਸਨ। ਇਸ ਪਰਵਾਰ ਦੀ ਅੱਲ 'ਘੁਰਕੇ' ਪਈ ਸੀ। ਕਿਉਂ ਪਈ, ਅਖੇ ਨੱਕ ਵਿੱਚੋਂ ਫੁਰਰ-ਫੁਰਰ, ਘੁਰ-ਘੁਰ ਕਰਦੇ ਹਨ, ਇਸ ਕਰਕੇ ਇਨ੍ਹਾਂ ਨੂੰ ਘੁਰਕੇ ਕਹਿਣ ਲੱਗੇ। ਗਲਾ ਸਾਫ਼ ਕਰਨ ਲਈ ਵੀ ਘੁਰ-ਘੁਰ ਕਰਦੇ ਹਨ। ਇਹ ਸਾਰੇ ਟੱਬਰ ਦੀ ਆਦਤ ਸੀ।

ਜਦੋਂ ਲੜਾਈ ਸ਼ੁਰੂ ਹੁੰਦੀ ਤਾਂ ਸਾਰੀਆਂ ਬੀਬੀਆਂ-ਭੈਣਾਂ, ਕੁੜੀਆਂ-ਚਿੜੀਆਂ ਕੋਠਿਆਂ ਉੱਤੇ ਚੜ੍ਹ ਜਾਂਦੀਆਂ ਸਨ ਤੇ ਲੜਾਈ ਸੁਣਦੀਆਂ ਸਨ। ਕਈ ਵਾਰ ਇਹ ਦੋਵੇਂ ਬੰਦਿਆਂ ਵਰਗੀਆਂ ਗੰਦੀਆਂ-ਗੰਦੀਆਂ ਗਾਲ੍ਹਾਂ ਕੱਢਦੀਆਂ। ਇਹ ਬਿਲਕੁਲ ਕੋਈ ਸ਼ਰਮ ਨਹੀਂ ਸਨ ਕਰਦੀਆਂ। ਹਾਂ, ਵਿੱਚੋਂ-ਵਿੱਚੋਂ ਸਾਹ ਲੈਣ ਲਈ ਪਾਣੀ ਦਾ ਗਲਾਸ ਪੀ ਲੈਂਦੀਆਂ ਸਨ। ਵਿਹੜੇ ਵਿੱਚ ਤੁਰਦੀਆਂ-ਫਿਰਦੀਆਂ, ਡੰਗਰ-ਵੱਛੇ ਨੂੰ ਪਾਣੀ ਪਿਆਉਂਦੀਆਂ, ਪੱਠੇ ਪਾਉਂਦੀਆਂ ਵੀ ਇੱਕ-ਦੂਜੀ ਨੂੰ ਗਾਲ੍ਹਾਂ ਕੱਢਦੀਆਂ। ਇੱਕ-ਦੂਜੀ ਨੂੰ ਸਾਨ੍ਹਾਂ, ਝੋਟਿਆਂ ਦੀਆਂ ਗਾਲ੍ਹਾਂ ਵੀ ਦਿੰਦੀਆਂ।

ਜਦੋਂ ਦੁਪਹਿਰ ਢਲ ਜਾਂਦੀ ਤਾਂ ਦਾਲ-ਸਬਜ਼ੀ ਧਰਨ ਦਾ ਵੇਲਾ ਹੋ ਜਾਂਦਾ। ਬਾਹਰੋਂ ਬੰਦਿਆਂ ਦੇ ਆਉਣ ਦਾ ਸਮਾਂ ਹੋ ਜਾਂਦਾ ਤਾਂ ਇੱਕ-ਦੂਸਰੀ ਨੂੰ ਕਹਿੰਦੀਆਂ: ਅੱਜ ਦੀ ਲੜਾਈ ਬੰਦ ਅਤੇ ਫਿਰ ਲੜਾਈ ਟੋਕਰਾ ਮੂਧਾ ਮਾਰ ਕੇ ਤਾੜ ਦਿੰਦੀਆਂ 'ਲੈ ਭੈਣੇ ਅੱਜ ਦੀ ਲੜਾਈ ਟੋਕਰੇ ਥੱਲੇ ਤਾੜ ਦਿੱਤੀਓ, ਕੱਲ੍ਹ ਫਿਰ ਵੇਖਾਂਗੇ।' ਇਸ ਤਰ੍ਹਾਂ ਲੜਾਈ ਹਫ਼ਤਾ-ਹਫ਼ਤਾ ਚੱਲਦੀ ਰਹਿੰਦੀ। ਸਵੇਰੇ ਉਠ ਕੇ ਟੋਕਰੇ ਥੱਲਿਓਂ ਤਾੜੀ ਹੋਈ ਲੜਾਈ ਬਾਹਰ ਕੱਢ ਕੇ ਲੜਾਈ ਸ਼ੁਰੂ ਹੋ ਜਾਂਦੀ ਸੀ ਅਤੇ ਲੌਢੇ ਵੇਲੇ ਲੜਾਈ ਫਿਰ ਟੋਕਰੇ ਥੱਲੇ ਤਾੜ ਦਿੰਦੀਆਂ, ਅਗਲੇ ਦਿਨ ਵਾਸਤੇ, ਇਹ ਆਪਣੇ ਆਪ ਵੱਖਰੀ ਤਰ੍ਹਾਂ ਦੀ ਲੜਾਈ ਸੀ।

ਤਾਇਆ ਜੀ ਜਦੋਂ ਸਰਪੰਚ ਬਣੇ ਤਾਂ ਇੱਕ ਦਿਨ ਲੜਾਈ ਹੁੰਦੇ ਤੋਂ ਉਨ੍ਹਾਂ ਦੇ ਘਰ ਚਲੇ ਗਏ। ਉਹ ਆਪਣੇ ਨਾਲ ਦੋ ਮੋਟੀਆਂ ਡਾਗਾਂ ਲੈ ਗਏ। ਸੁੱਚਾ ਸਿੰਘ ਆਥੜੀ ਤੇ ਬੱਚੇ ਨਾਲ ਚਲੇ ਗਏ। 'ਬੀਬੀ ਜੀ, ਸੁਣੋਂ ਮੇਰੀ ਗੱਲ, ਲੜਾਈ ਬੰਦ ਕਰ ਦਿਓ।' ਅੱਗੋਂ ਕਹਿੰਦੀਆਂ, 'ਨਹੀਂ ਭਾਅ ਜੀ ਅਸੀਂ ਲੜਾਈ ਟੋਕਰੇ ਥੱਲਿਓਂ ਕੱਢ ਲਈ ਏ। ਇਹ ਸ਼ਾਮ ਨੂੰ ਬੰਦ ਹੋਵੇਗੀ, ਇਸ ਤਰ੍ਹਾਂ ਵਿੱਚੋਂ ਬੰਦ ਨਹੀਂ ਹੋਵੇਗੀ।'

'ਅੱਛਾ! ਇਹ ਗੱਲ ਹੈ ਐਹ ਲਓ ਫਿਰ ਡਾਂਗਾਂ, ਦੋਹਾਂ ਨੂੰ ਇੱਕ-ਇੱਕ ਫੜਾ ਦਿੱਤੀ, ਤੁਸੀਂ ਲੜਾਈ ਚਾਲੂ ਰੱਖਣੀ ਹੈ। ਚਾਲੂ ਰੱਖੋ, ਡਾਗਾਂ ਨਾਲ ਦੋਵੇਂ ਇੱਕ-ਦੂਸਰੀ ਦਾ ਸਿਰ ਪਾੜੋ, ਖ਼ੂਨ ਕੱਢੋ ਤਾਂ ਕਿ ਤੁਹਾਡਾ ਜਕਲਾਉਂਦਾ ਖ਼ੂਨ ਵਗ ਜਾਵੇ। ਦੂਸਰਾ ਸੁਣੋ, ਅੱਜ ਤੋਂ ਬਾਅਦ ਜੇ ਤੁਸੀਂ ਪੇਕਿਆਂ ਨੂੰ ਨੌਲਿਆਂ, ਗੰਦੀਆਂ ਗਾਲ੍ਹਾਂ ਕੱਢੀਆਂ ਤਾਂ ਜੁਰਮਾਨਾ ਵੀ ਹੋਵੇਗਾ। ਤੁਸੀਂ ਇਹ ਕੀ ਪਖੰਡ ਫੜਿਆ ਹੈ। ਜੇ ਅੱਜ ਤੋਂ ਬਾਅਦ ਲੜੀਆਂ ਤਾਂ ਦੋਹਾਂ ਨੂੰ ਸੱਦ ਕੇ ਪਿੰਡ ਦੀ ਪੰਚਾਇਤ ਅਤੇ ਪਿੰਡ ਦੇ ਲੋਕਾਂ ਸਾਹਮਣੇ ਇੱਕ-ਦੂਜੀ ਨੂੰ ਬੰਦਿਆਂ ਵਾਲੀਆਂ ਗਾਲ੍ਹਾਂ ਕਢਵਾਈਆਂ ਜਾਣਗੀਆਂ। ਦੋ-ਤਿੰਨ ਘੰਟੇ ਸਭ ਤੋਂ ਵੱਧ ਗੰਦੀਆਂ ਗਾਲ੍ਹਾਂ ਕੱਢਣ ਵਾਲੀ ਨੂੰ ਇਨਾਮ ਵੀ ਦਿੱਤਾ ਜਾਵੇਗਾ।'

ਜਦੋਂ ਉਨ੍ਹਾਂ ਨੇ ਫ਼ੈਸਲਾ ਸੁਣਿਆ ਤਾਂ ਉਨ੍ਹਾਂ ਨੇ ਲੜਾਈ ਬੰਦ ਕਰ ਦਿੱਤੀ। ਵਿਹੜੇ ਵਿੱਚ ਮੂਧੇ ਟੋਕਰੇ ਵਗਾਹ ਮਾਰੇ ਤੇ ਖੁਰਲੀਆਂ ਵਿੱਚ ਚੜ੍ਹ ਕੇ ਇੱਕ-ਦੂਜੀ ਨੂੰ ਕੰਧ ਉਤੋਂ 'ਜੱਫੀ' ਪਾ ਕੇ ਮਿਲੀਆਂ। ਉਸ ਤੋਂ ਬਾਅਦ ਅਸੀਂ ਕਦੇ ਲੜਾਈ ਹੁੰਦੀ ਨਹੀਂ ਵੇਖੀ। ਅਕਸਰ ਲੜਾਈ ਪੇਕਿਆਂ ਦੇ ਅਮੀਰ-ਗ਼ਰੀਬ ਹੋਣ ਤੋਂ ਤੁਰਦੀ ਤੇ ਸਾਰਾ ਦਿਨ ਚੱਲਦੀ ਰਹਿੰਦੀ ਸੀ। ਤਾਇਆ ਜੀ ਨੇ ਕਿਹਾ, 'ਤੁਸੀਂ ਬਹੁਤ ਗੰਦੀਆਂ ਗਾਲ੍ਹਾਂ ਕੱਢਦੀਆਂ ਹੋ, ਸਾਰੇ ਪਿੰਡ ਦੇ ਬੱਚਿਆਂ ਅਤੇ ਕੁੜੀਆਂ ਨੂੰ ਤੁਸੀਂ ਇਹ ਗਾਲ੍ਹਾਂ ਸਿਖਾ ਛੱਡੀਆਂ ਹਨ। ਅੱਜ ਤੋਂ ਬਾਅਦ ਨਾ ਕੋਈ ਲੜਾਈ, ਨਾ ਗਾਲ੍ਹ, ਬਸ, ਅੱਜ ਤੋਂ ਬਾਅਦ ਇਹ ਕੁਝ ਨਹੀਂ ਚੱਲੇਗਾ।' ਉਨ੍ਹਾਂ ਦੋਹਾਂ ਨੇ ਕੰਨਾਂ ਨੂੰ ਹੱਥ ਲਾ ਕੇ ਸਦਾ ਲਈ ਲੜਾਈ ਤੋਂ ਤੌਬਾ ਕੀਤੀ।

### ਲਾਂਘੇ ਦੇ ਝਗੜੇ ਵਿੱਚ ਬਜ਼ੁਰਗ ਦਾ ਕਤਲ

ਪਟਿਆਲਾ, 10 ਨਵੰਬਰ (ਪੋਸਟ ਬਿਊਰੋ)- ਇੱਥੋਂ ਦੀ ਪੁਲਸ ਚੌਕੀ ਰਾਮ ਨਗਰ ਦੇ ਪਿੰਡ ਬੀਬੀਪੁਰ ਵਿਖੇ ਦੋ ਧਿਰਾਂ ਵਿੱਚ ਲਾਂਘੇ ਨੂੰ ਲੈ ਕੇ ਖ਼ੂਨੀ ਝੜਪ ਵਿੱਚ ਇੱਕ ਬਜ਼ੁਰਗ ਦੀ ਮੌਤ ਅਤੇ ਉਸ ਦੀ ਲੜਕੀ ਗੰਭੀਰ ਜ਼ਖ਼ਮੀ ਹੋ ਗਈ। ਪੁਲਸ ਨੇ ਮ੍ਰਿਤਕ ਦੀ ਪਛਾਣ ਹਰਚੰਦ ਸਿੰਘ (70) ਤੇ ਜ਼ਖਮੀ ਔਰਤ ਦੀ ਪਛਾਣ ਗੁਰਮੀਤ ਕੌਰ ਵਜੋਂ ਦੱਸੀ ਹੈ।

ਹਸਪਤਾਲ ਦਾਖਲ ਗੁਰਮੀਤ ਕੌਰ ਦੇ ਬਿਆਨਾਂ ਉੱਤੇਪੁਲਸ ਨੇ ਹਰਦੀਪ ਸਿੰਘ ਅਤੇ ਕੁਲਦੀਪ ਸਿੰਘ ਦੇ ਖਿਲਾਫ ਕਤਲ ਦਾ ਕੇਸ ਦਰਜ ਕਰ ਲਿਆ ਅਤੇ ਦੋਸ਼ੀਆਂ ਨੂੰ ਫੜਨ ਲਈ ਅਗਲੀ ਕਾਰਵਾਈ ਆਰੰਭ ਦਿੱਤੀਹੈ। ਮ੍ਰਿਤਕ ਦੇ ਦੋਹਤੇ ਹਰਜੀਤ ਸਿੰਘ ਨੇ ਦੱਸਿਆ ਕਿ ਉਸ ਦੇ ਨਾਨਾ ਦੇ ਘਰ ਨੂੰ ਜਾਂਦੀ ਸੜਕ ਉੱਤੇ ਮੁਲਜ਼ਮਾਂ ਦਾ ਖੇਤ ਹੈ। ਉਹ ਹਮੇਸ਼ਾ ਉਸ ਦੇ ਘਰ ਨੂੰ ਜਾਣ ਵਾਲਾ ਲੰਘਾ ਬੰਦ ਕਰ ਦਿੰਦੇ ਹਨ। ਬੁੱਧਵਾਰ ਸਵੇਰੇ ਅੱਠ ਵਜੇ ਉਨ੍ਹਾਂ ਨੇ ਲਾਂਘਾ ਬੰਦ ਕਰ ਦਿੱਤਾ। ਜਦੋਂ ਉਸ ਦੇ ਨਾਨਾ ਨੇ ਲਾਂਘਾ ਬੰਦ ਦੇਖਿਆ ਤਾਂ ਉਹ ਦੋਸ਼ੀਆਂ ਨੂੰ ਲਾਂਘਾ ਖੋਲ੍ਹਣ ਲਈ ਕਹਿਣ ਲੱਗੇ ਤਾਂ ਉਨ੍ਹਾਂ ਨੇ ਗਾਲ੍ਹਾਂ ਸ਼ੁਰੂ ਕਰ ਦਿੱਤੀਆਂ ਤਾਂ ਡਾਂਗਾਂ ਨਾਲ ਹਮਲਾ ਕਰ ਦਿੱਤਾ। ਇਸ ਨਾਲ ਉਸ ਦੇ ਨਾਨੇ ਦੇ ਸਿਰ ਉੱਤੇ ਸੱਟਾਂ ਲੱਗੀਆਂ ਅਤੇ ਉਹ ਖ਼ੂਨ ਨਾਲ ਲਥਪਥ ਹੋ ਗਿਆ। ਜਦੋਂ ਉਸ ਦੇ ਨਾਨੇ ਨੂੰ ਬਚਾਉਣ ਲਈ ਗੁਰਮੀਤ ਕੌਰ ਆਈ ਤਾਂ ਉਸ ਨੂੰ ਵੀ ਜ਼ਖਮੀ ਕਰ ਦਿੱਤਾ। ਇਸ ਪਿੱਛੋਂ ਦੋਸ਼ੀ ਫਰਾਰ ਹੋ ਗਏ। ਜਦੋਂ ਪਰਵਾਰਕ ਮੈਂਬਰ ਉਸ ਦੇ ਨਾਨੇ ਨੂੰ ਸਰਕਾਰੀ ਰਾਜਿੰਦਰਾ ਹਸਪਤਾਲ ਵਿਖੇ ਲੈ ਕੇ ਪੁੱਜੇ ਤਾਂ ਡਾਕਟਰਾਂ ਨੇ ਮੁੱਢਲੀ ਜਾਂਚ ਵਿੱਚ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

### ਡਾ: ਨਵਜੋਤ ਕੌਰ ਸਿੱਧੂ ਕਹਿੰਦੀ ਹੈ:

## ਮਜੀਠੀਏ ਨੂੰ ਡਰੱਗ ਰਿਪੋਰਟ ਖੁੱਲ੍ਹਣ ਦਾ ਡਰ ਸਤਾ ਰਿਹੈ

ਅੰਮ੍ਰਿਤਸਰ, 10 ਨਵੰਬਰ (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ: ਨਵਜੋਤ ਕੌਰ ਸਿੱਧੂ ਨੇ ਇੱਕ ਵਾਰ ਫਿਰ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਉੱਤੇ ਰਾਜਨੀਤਕ ਹਮਲਾ ਕਰਦਿਆਂ ਕਿਹਾ ਹੈ ਕਿ ਬਿਕਰਮ ਸਿੰਘ ਮਜੀਠੀਆ ਦੇ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐਸ ਆਈ ਨਾਲ ਸੰਬੰਧ ਹਨ, ਏਸੇ ਲਈ ਉਹ ਕੈਪਟਨ ਅਮਰਿੰਦਰ ਸਿੰਘ ਦੀ ਮਹਿਲਾ ਦੋਸਤ ਅਰੂਸਾ ਆਲਮ ਬਾਰੇ ਕਦੇ ਨਹੀਂ ਬੋਲਦਾ।



ਅੰਮ੍ਰਿਤਸਰ ਪੂਰਬੀ ਵਿਧਾਨ ਸਭਾ ਹਲਕੇ ਦੀ ਕਾਂਗੜਾ ਕਾਲੋਨੀ ਵਿੱਚ ਦਮੂਹੀ ਮੰਦਰ ਦੇ ਨੇੜੇ ਆਪਣੇ ਕੌਂਸਲਰਾਂ ਨੂੰ ਫਾਗਿੰਗ ਮਸ਼ੀਨਾਂ ਭੇਟ ਕਰਨ ਲਈ ਪਹੁੰਚੀ ਡਾਕਟਰ ਨਵਜੋਤ ਕੌਰ ਸਿੱਧੂ ਨੇ ਮਜੀਠੀਆ ਉੱਤੇ ਉਕਤ ਟਿੱਪਣੀ ਉਸ ਸਮੇਂ ਕੀਤੀ, ਜਦ ਪੱਤਰਕਾਰਾਂ ਨੇ ਨਵਜੋਤ ਸਿੰਘ ਸਿੱਧੂ ਦੀ ਕਰਤਾਰਪੁਰ ਲਾਂਘੇ ਦੀ ਫੇਰੀਬਾਰੇ ਬਿਕਰਮ ਸਿੰਘ ਮਜੀਠੀਆ ਦੇ ਬਿਆਨ ਬਾਰੇ ਪੁੱਛਿਆ ਸੀ। ਡਾਕਟਰ ਸਿੱਧੂ ਨੇ ਬਿਕਰਮ ਸਿੰਘ ਮਜੀਠੀਆ ਉੱਤੇ ਵਿਅੰਗ ਕੱਸਿਆ ਕਿ ਉਹ ਸਿੱਧੂ ਜੋੜੇ ਦਾ ਪ੍ਰਚਾਰ ਕਰਨ ਲੱਗੇ ਹੋਏ ਹਨ ਤੇ ਇਹ ਇਸ ਲਈ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ (ਮਜੀਠੀਆ) ਨੂੰ ਸਿੱਧੂ ਤੋਂ ਡਰ ਲੱਗਦਾ ਹੈ ਕਿਉਂਕਿ ਸਿੱਧੂ ਉਨ੍ਹਾਂ ਦੀ ਡਰੱਗ ਰਿਪੋਰਟ ਖੁੱਲ੍ਹਵਾਉਣ ਲੱਗੇ ਹੋਏ ਹਨ। ਉਸ ਰਿਪੋਰਟ ਵਿੱਚ ਡਰੱਗ ਤਸਕਰ ਭੋਲਾ ਨੇ ਪਹਿਲੇ ਪੇਜ਼ ਉੱਤੇਮਜੀਠੀਆ ਦਾ ਨਾਂਅ ਲਿਆ ਹੈ, ਜਿੱਥੇ ਲਿਖਿਆ ਹੈ ਕਿ ਅਸੀਂ ਛੋਟੀ ਮੱਛੀ ਹਾਂ, ਪਕੜਨਾ ਹੈ ਤਾਂ ਅਕਾਲੀ ਨੇਤਾ ਬਿਕਰਮ ਸਿੰਘ ਮਜੀਠੀਆ ਨੂੰ ਫੜਿਆ ਜਾਏ।

## ਕਾਰ ਚਾਲਕ ਕੋਲੋਂ 55 ਕਿਲੋ ਅਫੀਮ ਬਰਾਮਦ

### * ਵਿਦੇਸ਼ ਵਿੱਚ ਬੈਠਾ ਸਮੱਗਲਰ ਸਪਲਾਈ ਕਰਵਾ ਰਿਹੈ

ਚੰਡੀਗੜ੍ਹ, 10 ਨਵੰਬਰ (ਪੋਸਟ ਬਿਊਰੋ)- ਸੀ ਆਈ ਏ ਸਟਾਫ ਦਿਹਾਤੀ ਨੇ ਨਾਕਾਬੰਦੀ ਦੌਰਾਨ ਕਾਰ ਚਾਲਕ ਕੋਲੋਂ 55 ਕਿਲੋ ਅਫੀਮ ਬਰਾਮਦ ਕੀਤੀ ਹੈ, ਪਰ ਉਸ ਦਾ ਸਾਥੀ ਫ਼ਰਾਰ ਹੋ ਗਿਆ।

ਪੰਜਾਬ ਪੁਲਸ ਦੇ ਡੀ ਜੀ ਪੀ ਇਕਬਾਲਪ੍ਰੀਤ ਸਿੰਘ ਸਹੋਤਾ ਨੇ ਦੱਸਿਆ ਕਿ ਕਰਤਾਰਪੁਰ ਮੋੜ ਨੇੜੇ ਸੀ ਆਈ ਏ ਸਟਾਫ ਜਲੰਧਰ ਵੱਲੋਂ ਨਾਕਾਬੰਦੀ ਕਰਕੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ ਤਾਂ ਪੁਲਸ ਨੇ ਇੱਕ ਕਾਰ ਰੋਕੀ, ਜਿਸ ਦੀ ਤਲਾਸ਼ੀ ਲੈਣ ਉੱਤੇ 55 ਕਿਲੋ ਅਫੀਮ ਮਿਲੀ। ਕਾਰ ਚਾਲਕ ਯੁੱਧਵੀਰ ਸਿੰਘ ਉਰਫ



ਯੋਧਾ ਪਿੰਡ ਦੇਵੀ-ਦਾਸਪੁਰ, ਜੰਡਿਆਲਾ ਗੁਰੂ (ਅੰਮ੍ਰਿਤਸਰ) ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ, ਪਰ ਉਸ ਦਾ ਸਾਥੀ ਪਲਵਿੰਦਰ ਸਿੰਘ ਉਰਫ ਸੰਨੀ ਵਾਸੀ ਅੰਮ੍ਰਿਤਸਰ ਫ਼ਰਾਰ ਹੋ ਗਿਆ। ਫੜਿਆ ਗਿਆ ਦੋਸ਼ੀ ਯੁੱਧਵੀਰ ਇੱਕ ਭਗੌੜਾ ਅਪਰਾਧੀ ਹੈ ਅਤੇ ਕਈ ਕੇਸਾਂ ਵਿੱਚਉਹ ਪੁਲਸ ਨੂੰ ਲੋੜੀਂਦਾ ਸੀ।ਡੀ ਜੀ ਪੀ ਸਹੋਤਾ ਨੇ ਦੱਸਿਆ ਕਿ ਜਾਂਚ ਵਿੱਚ ਪਤਾ ਲੱਗਾ ਕਿ ਯੁੱਧਵੀਰ ਸਿੰਘ ਵਿਦੇਸ਼ ਵਿੱਚ ਬੈਠੇ ਪੇਸ਼ੇਵਰ ਨਸ਼ਾ ਸਮੱਗਲਰ ਨਵਪ੍ਰੀਤ ਸਿੰਘ ਉਰਫ਼ ਨਵ ਪਿੰਡ ਵਜ਼ੀਰ ਭੁੱਲਰ (ਬਿਆਸ) ਨਾਲ ਮਿਲ ਕੇ ਕੰਮ ਕਰਦਾ ਹੈ। ਨਵ ਨੇ ਉਸ ਨੂੰ ਡਿਲੀਵਰੀ ਦੇਣ ਨੂੰ ਰੱਖਿਆ ਹੋਇਆ ਸੀ। ਫੜੀ ਗਈ ਅਫੀਮ ਅੰਮ੍ਰਿਤਸਰ ਜਾਣੀ ਸੀ। ਨਵ ਫਿਲੌਰ ਦੇ ਚਿੰਟੂ ਕਤਲ ਕੇਸ ਵਿੱਚ ਵੀ ਲੋੜੀਂਦਾ ਹੈ। ਪਿੱਛੇ ਜਿਹੀ ਦਿੱਲੀ ਪੁਲਸ ਦੀ ਵਿਸ਼ੇਸ਼ ਸ਼ਾਖਾ ਵੱਲੋਂ ਜ਼ਬਤ ਕੀਤੀ 300 ਕਿਲੋ ਹੈਰੋਇਨ ਦੀ ਖੇਪ ਮਾਮਲੇ ਵਿੱਚ ਵੀ ਨਵ ਦਾ ਨਾਂ ਸਾਹ-ਮਣੇ ਆਇਆ ਸੀ।


Steinmetz & Associates

PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca


## ਪੰਜਾਬ ਵਿੱਚ ਅਕਾਲੀ-ਬਸਪਾ ਸਰਕਾਰ ਬਣ ਗਈ ਤਾਂ ਤੀਰਥ ਯਾਤਰਾ ਸਕੀਮ ਮੁੜ ਕੇ ਸ਼ੁਰੂ ਕਰਾਂਗੇ: ਸੁਖਬੀਰ

ਬਠਿੰਡਾ, 10 ਨਵੰਬਰ (ਪੋਸਟ ਬਿਊਰੋ)- ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦਾ ਕਹਿਣਾਹੈ ਕਿ ਪੰਜਾਬ ਵਿੱਚ ਅਕਾਲੀ-ਬਸਪਾ ਗਠਜੋੜ ਸਰਕਾਰ ਬਣੀ ਤਾਂ'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ'ਫਿਰ ਸ਼ੁਰੂ ਕਰ ਕੇਆਮ ਲੋਕਾਂ ਨੂੰ ਸਾਲਾਸਰ ਬਾਲਾਜੀ ਧਾਮਅਤੇ ਸਾਰੇ ਧਰਮਾਂ ਦੇ ਪਵਿੱਤਰ ਸਥਾਨਾਂ ਦੇ ਦਰਸ਼ਨ ਕਰਵਾਏ ਜਾਣਗੇ।

ਸੁਖਬੀਰ ਸਿੰਘ ਬਾਦਲ ਕੱਲ੍ਹ ਮਾਲਵਾ ਦੇ ਸੀਨੀਅਰ ਅਕਾਲੀ ਆਗੂਆਂ ਅਤੇ ਹੋਰ ਲੀਡਰਸ਼ਿਪ ਨਾਲ ਰਾਜਸਥਾਨ ਦੇ ਚੁਰੂ ਜ਼ਿਲ੍ਹੇ ਵਿੱਚ ਸ੍ਰੀ ਸਾਲਾਸਰ ਬਾਲਾ ਜੀ ਧਾਮ ਮੰਦਰ ਤੇ ਮਾਤਾ ਅੰਜਨੀ ਮੰਦਰ ਵਿਖੇ ਨਤਮਸਤਕ ਹੋਏ ਸਨ ਅਤੇ ਪੰਜਾਬ ਦੀ ਸ਼ਾਂਤੀ ਤੇ ਸਦਭਾਵਨਾ ਲਈ ਅਰਦਾਸ ਕੀਤੀ। ਮੰਦਰ ਟਰੱਸਟ ਮੈਨੇਜਮੈਂਟ ਨੇ ਅਕਾਲੀ ਦਲ ਦੇ ਪ੍ਰਧਾਨ ਅਤੇ ਸੀਨੀਅਰ ਲੀਡਰਸ਼ਿਪ ਨੂੰ ਇਸ ਮੌਕੇ ਸਨਮਾਨਤ ਵੀ ਕੀਤਾ। ਅਕਾਲੀ ਆਗੂਆਂ ਨਾਲ ਗੱਲਬਾਤ



ਕਰਦਿਆਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿਹਾ ਕਿ ਇਸ ਮੌਕੇ ਉਨ੍ਹਾਂ ਕਿਹਾ ਕਿ ਪਿਛਲੀ ਅਕਾਲੀ ਦਲ ਦੀ ਅਗਵਾਈ ਵਾਲੀ ਸਰਕਾਰ ਨੇ ਮੁੱਖ ਮੰਤਰੀ ਤੀਰਥ ਯਾਤਰਾ ਸਕੀਮ ਸ਼ੁਰੂ ਕੀਤੀ ਅਤੇ ਰੇਲ ਗੱਡੀਆਂ ਅਤੇ ਬੱਸਾਂ ਰਾਹੀਂ ਪੰਜਾਬੀਆਂ ਨੂੰ ਸਾਲਾਸਰ, ਮਾਤਾ ਵੈਸ਼ਨੋ ਦੇਵੀ, ਮਾਤਾ ਚਿੰਤਪੂਰਨੀ, ਅਜਮੇਰ ਸ਼ਰੀਫ, ਸ੍ਰੀ ਹਜ਼ੂਰ ਸਾਹਿਬ ਤੇ ਹੋਰ ਗੁਰਧਾਮਾਂ ਦੇ ਦਰਸ਼ਨ ਕਰਵਾਏ ਸਨ, ਪਰ 2017 ਵਿੱਚ ਜਦੋਂ ਕਾਂਗਰਸ ਸਰਕਾਰ ਬਣੀ ਤਾਂ ਇਹ ਸਕੀਮ ਬੰਦ ਕਰ ਦਿੱਤੀ ਗਈ ਸੀ।

## ਚੇਅਰਮੈਨ ਪਵਨ ਦੀਵਾਨ ਵੱਲੋਂ ਐਨਆਰਆਈ ਭਾਈਚਾਰੇ ਦਾ ਸਨਮਾਨ



ਚੰਡੀਗੜ, 9 ਨਵੰਬਰ (ਗਿਆਨ ਸਿੰਘ) -ਐਨ.ਆਰ.ਆਈ ਭਾਈਚਾਰੇ ਵੱਲੋਂ ਸਮੇਂ-ਸਮੇਂ ਸਿਰ ਪੰਜਾਬ ਦੀ ਤਰੱਕੀ ਚ ਆਪਣਾ ਯੋਗਦਾਨ ਦਿੱਤਾ ਜਾਂਦਾ ਰਿਹਾ ਹੈ। ਇਸ ਲੜੀ ਹੇਠ, ਪੰਜਾਬ ਦੀ ਮਿੱਟੀ ਨਾਲ ਜੁੜ ਕੇ ਸਮੇਂ-ਸਮੇਂ ਸਿਰ ਪੰਜਾਬ ਦੀ ਤਰੱਕੀ ਵਿਚ ਅਹਿਮ ਯੋਗਦਾਨ ਪਾਉਣ ਵਾਲੇ ਸਪੇਨ ਤੋਂ ਲਾਲੀ ਠੰਡੀ ਤੇ ਬਲਜੀਐਮ ਤੋਂ ਸੋਨੀ ਬੱਠਲਾ ਦਾ ਉਦਯੋਗ ਭਵਨ ਪੁੱਜਣ ਤੇ ਪੰਜਾਬ ਲਾਰਜ ਇੰਡਸਟਰੀਅਲ ਡੇਵਲਪਮੈਂਟ ਬੋਰਡ ਦੇ ਚੇਅਰਮੈਨ ਪਵਨ ਦੀਵਾਨ ਵਲੋਂ ਸਨਮਾਨ ਕੀਤਾ ਗਿਆ।

ਇਸ ਮੌਕੇ ਦੀਵਾਨ ਨੇ ਪੰਜਾਬ ਦੀ ਤਰੱਕੀ ਵਿਚ ਐਨਆਰਆਈ ਭਾਈਚਾਰੇ ਦੀ ਅਹਿਮੀਅਤ ਦਾ ਜ਼ਿਕਰ ਕੀਤਾ, ਜਿਹੜੇ ਸਮੇਂ-ਸਮੇਂ ਵਿਚ ਲੋਕਾਂ ਨੂੰ ਮੁਢਲੀਆਂ ਸੁਵਿਧਾਵਾਂ ਮੁਹਈਆ ਕਰਵਾਉਣ ਵਾਸਤੇ ਆਪਣਾ ਯੋਗਦਾਨ ਦਿੰਦੇ ਰਹਿੰਦੇ ਹਨ। ਉਨਾਂ ਨੇ ਸੂਬੇ ਦੇ ਉਦਯੋਗਾਂ ਲਈ ਐਨਆਰਆਈ ਭਾਈਚਾਰੇ ਤੋਂ ਨਿਵੇਸ਼ ਕਰਨ ਦੀ ਅਪੀਲ ਕੀਤੀ। ਜਿਸ ਬਾਰੇ ਬੀਤੇ ਦਿਨੀਂ ਲੁਧਿਆਣਾ ਵਿੱਚ ਹੋਈ ਇਨਵੈਸਟਮੈਂਟ ਸਮਿਟ ਦੌਰਾਨ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਉਦਯੋਗ ਮੰਤਰੀ ਗੁਰਕੀਰਤ ਸਿੰਘ ਕੋਟਲੀ ਨੇ ਵੀ ਐਨਆਰਆਈ ਭਾਈਚਾਰੇ ਨੂੰ ਸੂਬੇ ਅੰਦਰ ਨਿਵੇਸ਼ ਕਰਨ ਦੀ ਅਪੀਲ ਕੀਤੀ ਸੀ।

ਇਸ ਦੌਰਾਨ ਲਾਲੀ ਠੰਡੀ ਅਤੇ ਸੋਨੀ ਬੱਠਲਾ ਨੇ ਕਿਹਾ ਕਿ ਉਹ ਪੰਜਾਬ ਨੂੰ ਤਰੱਕੀ ਕਰਦਾ ਦੇਖਣਾ ਚਾਹੁੰਦੇ ਹਨ। ਉਨਾਂ ਨੇ ਚੰਨੀ ਸਰਕਾਰ ਵੱਲੋਂ ਐਨਆਰਆਈ ਭਾਈਚਾਰੇ ਦੇ ਹਿੱਤ ਵਿਚ ਕੀਤੇ ਜਾ ਰਹੇ ਉਪਰਾਲਿਆਂ ਦੀ ਵੀ ਸ਼ਲਾਘਾ ਕੀਤੀ।

ਇਸ ਮੌਕੇ ਕਪਿਲ ਸ਼ਰਮਾ, ਸਰਪੰਚ ਗੁਰਦੀਪ ਸਿੰਘ, ਸਰਪੰਚ ਜਸਪ੍ਰੀਤ ਸਿੰਘ, ਗੁਰਪ੍ਰੀਤ ਸਿੰਘ ਵਿਰਕ, ਇਸ਼ਵਿੰਦਰ ਸਿੰਘ ਗੋਰ-'ਇਆ ਵੀ ਮੌਜੂਦ ਰਹੇ।

### ਬੱਸ ਦੀ ਟੱਕਰ ਕਾਰਨਐਕਟਿਵਾ ਸਵਾਰ ਦੋ ਕੁੜੀਆਂ ਵਿੱਚੋਂ ਇੱਕ ਦੀ ਮੌਤ





ਸਮਰਾਲਾ, 10 ਨਵੰਬਰ (ਪੋਸਟ ਬਿਊਰੋ)- ਕੱਲ੍ਹ ਇੱਥੇ ਸਵੇਰੇ ਏਥੇ ਐਕਟਿਵਾ ਸਵਾਰ ਦੋ ਕੁੜੀਆਂ ਪੰਜਾਬ ਰੋਡਵੇਜ਼ ਦੀ ਇੱਕ ਬੱਸ ਨਾਲ ਟਕਰਾ ਗਈਆਂ। ਇਸ ਹਾਦਸੇ ਵਿੱਚ 19 ਸਾਲਾ ਇੱਕ ਕੁੜੀ ਦੀ ਮੌਕੇ ਉੱਤੇ ਮੌਤ ਹੋ ਗਈ।

ਮਿਲੀ ਜਾਣਕਾਰੀ ਅਨੁਸਾਰ ਨਵਦੀਪ ਕੌਰ (19) ਪੁੱਤਰੀ ਸੁਰਮੁੱਖ ਸਿੰਘ ਪਿੰਡ ਮਾਦਪੁਰ ਅਤੇ ਉਸ ਦੀ ਸਹੇਲੀ ਨੀਸ਼ਾ (20) ਪੁੱਤਰੀ ਚਰਨਜੀਤ ਸਿੰਘ ਪਿੰਡ ਹੇਡੋਂ ਕੱਲ੍ਹ ਸਵੇਰੇ ਐਕਟਿਵਾ ਉੱਤੇ ਸਮਰਾਲਾ ਨੂੰਬਿਊਟੀਸ਼ਨ ਕਲਾਸ ਲਈ ਆ ਰਹੀਆਂ ਸਨ। ਜਦੋਂ ਉਹ ਸ਼ਹਿਰ ਦੇ ਕਮਲ ਪੈਟਰੋਲ ਪੰਪ ਨੇੜੇ ਪੁੱਜੀਆਂ ਤਾਂ ਉਥੇ ਸੜਕ ਪੁੱਟੀ ਹੋਣਕਾਰਨ ਇੱਕ ਸਾਈਡ ਬੰਦ ਸੀ ਤੇ ਸਾਹਮਣੇ ਤੋਂ ਆਈ ਪੰਜਾਬ ਰੋਡਵੇਜ਼ ਦੀ ਬੱਸ ਉਨ੍ਹਾਂ ਨਾਲ ਟਕਰਾ ਗਈ। ਦੋਵੇਂ ਕੁੜੀਆਂ ਨੂੰ ਬੱਸ ਨੇ ਅਗਲੇ ਟਾਇਰ ਨਾਲ ਕੁਚਲ ਦਿੱਤਾ। ਇਸ ਹਾਦਸੇ ਵਿੱਚ ਨਵਦੀਪ ਕੌਰ ਦੀ ਮੌਕੇ ਉੱਤੇਮੌਤ ਹੋ ਗਈ ਅਤੇ ਜ਼ਖ਼ਮੀ ਹਾਲਤ ਵਿੱਚ ਨੀਸ਼ਾ ਨੂੰ ਸਿਵਲ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਕਾਫੀ ਗੰਭੀਰ ਬਣੀ ਹੋਈ ਹੈ।ਮੌਕੇ ਉੱਤੇ ਪਹੁੰਚੇ ਮ੍ਰਿਤਕ ਲੜਕੀ ਦੇ ਪਰਵਾਰ ਨੇ ਦੱਸਿਆ ਕਿ ਉਨ੍ਹਾਂ ਦੀ ਧੀ ਨੇ ਅਗਲੇ ਮਹੀਨੇ ਕੈਨੇਡਾ ਜਾਣ ਦੇ ਲਈ ਸਾਰੀਆਂ ਤਿਆਰੀਆਂ ਕਰ ਲਈਆਂ ਸਨ ਅਤੇ ਉਹ ਕੈਨੇਡਾ ਜਾਣ ਤੋਂ ਪਹਿਲਾਂ ਇੱਕ ਮਹੀਨੇ ਦਾ ਬਿਊਟੀਸ਼ਨ ਕੋਰਸ ਕਰ ਰਹੀ ਸੀ।

## ਅਹਿਮ ਵਿਅਕਤੀਆਂ ਦੇ ਕੇਸਾਂ ਦੀ ਰਿਪੋਰਟ ਵੇਲੇ ਸਿਰ ਅਦਾਲਤ ਨੂੰ ਨਾ ਸੌਂਪਣਾ ਮੰਦਭਾਗਾ: ਹਾਈ ਕੋਰਟ

ਚੰਡੀਗੜ੍ਹ, 10 ਨਵੰਬਰ (ਪੋਸਟ ਬਿਊਰੋ)- ਅਹਿਮ ਵਿਅਕਤੀਆਂ ਵਿਰੁੱਧ ਅਪਰਾਧਕ ਕੇਸਾਂ ਦੀ ਜਾਂਚ ਵਿੱਚ ਦੇਰ ਦੇ ਬਾਰੇ ਨੋਟਿਸ ਦੀ ਸੁਣਵਾਈ ਦੌਰਾਨ ਹਾਈ ਕੋਰਟ ਨੇ 25 ਅਕਤੂਬਰ ਨੂੰ ਹੁਕਮ ਜਾਰੀ ਕਰ ਕੇ ਪੰਜਾਬ, ਹਰਿਆਣਾ, ਈ ਡੀ ਅਤੇ ਸੀ ਬੀ ਆਈ ਨੂੰ ਇਸ ਦੀ ਸਟੇਟਸ ਰਿਪੋਰਟ ਦੇਣ ਦਾ ਹੁਕਮ ਜਾਰੀ ਕੀਤਾ ਸੀ। ਕੱਲ੍ਹ ਇਸ ਦੀ ਸੁਣਵਾਈ ਮੌਕੇ ਜਸਟਿਸ ਏ ਜੀ ਮਸੀਹ ਅਤੇ ਜਸਟਿਸ ਸੰਦੀਪ ਮੋਦਗਿੱਲ ਨੇ ਸਮੇਂ ਸਿਰ ਰਿਪੋਰਟ ਨਾ ਦੇਣ ਉੱਤੇ ਕਿਹਾ ਕਿ ਕੋਰਟ ਦੇ ਹੁਕਮਾਂ ਤੋਂ ਬਾਅਦ ਵੀ ਸਮੇਂ ਸਿਰ ਕੋਰਟ ਤੇ ਕੋਰਟ ਮਿੱਤਰ ਨੂੰ ਰਿਪੋਰਟ ਨਾ ਦੇਣਾ ਮੰਦਭਾਗਾ ਹੈ।




ਇਸ ਮੌਕੇ ਹਾਈ ਕੋਰਟ ਨੇ ਕਿਹਾ ਕਿ ਦੋਵਾਂ ਰਾਜਾਂ ਦੇ ਅਧਿਕਾਰੀਆਂ ਦੇ ਨਾਲ ਜਾਂਚ ਏਜੰਸੀ ਸੀ ਬੀ ਆਈ ਦਾ ਇਹ ਵਤੀਰਾ ਪੂਰੀ ਤਰ੍ਹਾਂ ਨਾ-ਮੰਨਣਯੋਗ ਹੈ। ਸੁਣਵਾਈ ਦੌਰਾਨ ਪੰਜਾਬ ਤੇ ਹਰਿਆਣਾ ਸਰਕਾਰਾਂਨੇ ਕੋਰਟ ਵਿੱਚਐਫੀਡੇਵਿਟ ਪੇਸ਼ ਕੀਤੇ ਤਾਂ ਕੋਰਟ ਨੇ ਇਨ੍ਹਾਂ ਐਫੀਡੇਵਿਟਸ ਨੂੰ ਕੇਸ ਫਾਈਲ ਵਿੱਚ ਰੱਖਣ ਦਾ ਹੁਕਮ ਦਿੰਦੇ ਹੋਏ ਕੇਸ ਦੀ ਸੁਣਵਾਈ 11 ਨਵੰਬਰ ਤਕ ਮੁਲਤਵੀ ਕਰ ਦਿੱਤੀ, ਪਰ ਸਮੇਂਸਿਰ ਦੋਵਾਂ ਰਾਜਾਂ ਅਤੇ ਜਾਂਚ ਏਜੰਸੀ ਵੱਲੋਂ ਕੋਰਟ ਮਿੱਤਰ ਨੂੰ ਐਫੀਡੇਵਿਟ ਨਾ ਦੇਣ ਉੱਤੇ ਝਾੜਝੰਬ ਵੀ ਕੀਤੀ। ਕੱਲ੍ਹ ਪੰਜਾਬ ਦੇ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਆਈ ਜੀ ਗੁਰਸ਼ਰਨ ਸਿੰਘ ਸੰਧੂ ਨੇ ਹਾਈ ਕੋਰਟ ਵਿੱਚਐਫੀਡੇਵਿਟ ਦੇ ਕੇ ਦੱਸਿਆ ਕਿ ਇਸ ਸਮੇਂ ਪੰਜਾਬ ਦੇ ਸਾਬਕਾ ਅਤੇ ਮੌਜੂਦਾ ਪਾਰਲੀਮੈਂਟ ਮੈਂਬਰਾਂ ਅਤੇ ਵਿਧਾਇਕਾਂ ਖਿਲਾਫ ਅਦਾਲਤਾਂ ਵਿੱਚ 53 ਕੇਸ ਪੈਂਡਿੰਗ ਹਨ। ਇਨ੍ਹਾਂ ਵਿੱਚੋਂ 29 ਕੇਸਾਂ ਵਿੱਚ ਜਾਂਚ ਚੱਲ ਰਹੀ ਹੈ ਅਤੇ 14 ਕੇਸਾਂ ਵਿੱਚ ਅਨਟ੍ਰੇਸ ਜਾਂ ਕੈਂਸਲੇਸ਼ਨ ਰਿਪੋਰਟਾਂ ਆਦਲਤ ਵਿੱਚ ਪੇਸ਼ ਹੋ ਚੁੱਕੀਆਂ ਹਨ। ਇਸ ਤੋਂ ਪਹਿਲਾਂ ਹਾਈ ਕੋਰਟ ਨੂੰ ਦੱਸਿਆ ਗਿਆ ਸੀ ਕਿ 42 ਕੇਸਾਂ ਵਿੱਚ ਹਾਲੇ ਜਾਂਚ ਜਾਰੀ ਹੈ, ਪਰ ਕੱਲ੍ਹ ਦਾਇਰ ਐਫੀਡੇਵਿਟ ਵਿੱਚ ਦੱਸਿਆ ਗਿਆ ਕਿ ਸਾਰੇ ਜ਼ਿਲ੍ਹਿਆਂ ਵਿੱਚ ਮੰਗੀ ਰਿਪੋਰਟ ਤੋਂ ਪਤਾ ਲੱਗਾ ਹੈ ਕਿ 42 ਨਹੀਂ, 29 ਕੇਸਾਂ ਦੀ ਜਾਂਚ ਜਾਰੀ ਹੈ ਅਤੇ 14 ਵਿੱਚ ਅਨਟ੍ਰੇਸ, ਕੈਂਸਲੇਸ਼ਨ ਰਿਪੋਰਟਾਂ ਅਦਾਲਤਾਂ ਵਿੱਚ ਦਾਇਰ ਕੀਤੀਆਂ ਜਾ ਚੁੱਕੀਆਂ ਹਨ।

## ਗੁਲਜ਼ਾਰ ਗਰੁੱਪ ਵਿਚ ਫਰੈਸ਼ਰ ਪਾਰਟੀ ਦਾ ਆਯੋਜਨ

ਖੰਨਾ, 10 ਨਵੰਬਰ (ਪੋਸਟ ਬਿਊਰੋ)- ਗੁਲਜ਼ਾਰ ਗਰੁੱਪ ਆਫ਼ ਇੰਸੀਟਿਊਟਸ, ਖੰਨਾ ਵੱਲੋਂ ਆਪਣੇ ਵਿਦਿਆਰਥੀਆਂ ਦੀ ਪ੍ਰਤਿਭਾ ਅਤੇ ਯੋਗਤਾ ਨਾਲ ਰੂ-ਬਰੂ ਕਰਾਉਣ ਦੇ ਮੰਤਵ ਨਾਲ ਫਰੈਸ਼ਰ ਪਾਰਟੀ ਦਾ ਆਯੋਜਨ ਕੀਤਾ ਗਿਆ। ਇਸ ਖ਼ੂਬਸੂਰਤ ਰੰਗਾ ਰੰਗ ਪ੍ਰੋਗਰਾਮ ਵਿਚ ਗੁਲਜ਼ਾਰ ਗਰੁੱਪ ਦੇ ਹਰੇਕ ਕਾਲਜ ਅਤੇ ਹਰ ਵਿਭਾਗ ਦੇ ਤਿੰਨ ਹਜ਼ਾਰ ਦੇ ਕਰੀਬ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਸਭਿਆਚਾਰਕ ਅਤੇ ਪ੍ਰਬੰਧਕੀ ਵਿਚ ਡਾਂਸ,ਗਾਇਕੀ,ਰੰਗੋਲੀ, ਮਹਿੰਦੀ, ਰੋਬਟਿਕਸ ਮੁਕਾਬਲਿਆਂ ਸਮੇਤ ਕਰੀਬ 28 ਕੈਟਾਗਰੀਆਂ ਦਾ ਆਯੋਜਨ ਕੀਤਾ ਗਿਆ । ਦੇਸ਼ ਦੇ ਵੱਖ ਵੱਖ ਹਿੱਸਿਆਂ ਤੋਂ ਕੈਂਪਸ ਵਿਚ ਸਿੱਖਿਆਂ ਹਾਸਿਲ ਕਰਨ ਆਏ ਵਿਦਿਆਰਥੀਆਂ ਨੇ ਆਪਣੇ ਰਾਜਾਂ ਦੇ ਲੋਕ ਨ੍ਰਿਤ ਪੇਸ਼ ਕਰਕੇ ਇਸ ਖ਼ੂਬਸੂਰਤ ਮਾਹੌਲ ਦੀ ਸਿਰਜਣਾ ਕੀਤੀ। ਇਸ



ਫੈਸਟ ਦਾ ਉਦਘਾਟਨ ਗੁਲਜ਼ਾਰ ਗਰੁੱਪ ਦੇ ਚੇਅਰਮੈਨ ਗੁਰਚਰਨ ਸਿੰਘ ਵੱਲੋਂ ਕੀਤਾ ਗਿਆ। ਇਸ ਮੌਕੇ ਤੇ ਨੈੱਟਫਲਿਕਸ ਸੀਰੀਜ਼ ਚੰਡੀਗੜ ਗਰਲਜ਼ ਦੀ ਸਮੁੱਚੀ ਟੀਮ ਵੀ ਇਸ ਈਵੈਂਟ ਦਾ ਹਿੱਸਾ ਬਣੀ। ਇਸ ਦੇ ਨਲਾਂ ਹੀ ਫੋਲਕ ਫ਼ਿਊਜ਼ਨ ਬੈਂਡ ਦੀ ਪਾਰਫਾਰਮਸ ਵੀ ਦਰਸ਼ਕਾਂ ਦਾ ਦਿਲ ਲੁੱਟਦੀ ਨਜ਼ਰ ਆਈ।

ਇਸ ਮੌਕੇ ਤੇ ਚੇਅਰਮੈਨ ਗੁਰ-ਚਰਨ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਸਿੱਖਿਆ ਦਾ ਮਨੁੱਖੀ ਜਾਤੀ ਦੀ ਤਰੱਕੀ ਵਿਚ ਅਹਿਮ ਯੋਗਦਾਨ ਹੈ । ਜਦ ਕਿ ਵਿਦਿਆਰਥੀ ਗੁਲਜ਼ਾਰ ਗਰੁੱਪ ਵਿਚੋਂ ਸਿੱਖਿਆਂ ਲੈ ਕੇ ਇਕ ਬਿਹਤਰੀਨ ਨਾਗਰਿਕ ਅਤੇ ਇਕ ਸਫਲ ਇਨਸਾਨ ਬਣਨ ਲਈ ਦੁਨੀਆਂ ਵਿਚ ਵਿਚਰਨਗੇ। ਉਨਾਂ ਗੁਲਜ਼ਾਰ ਗਰੁੱਪ ਵੱਲੋਂ ਦਿਤੀ ਜਾ ਰਹੀ ਬਿਹਤਰੀਨ ਸਿੱਖਿਆਂ ਦੀ ਪ੍ਰੇਰਨਾ ਕਰਦੇ ਹੋਏ ਕਿਹਾ ਕਿ ਗੁਲਜ਼ਾਰ ਗਰੁੱਪ ਨੇ ਜਿੱਥੇ ਸਿੱਖਿਆਂ ਦੇ ਖੇਤਰ ਵਿਚ ਯੂਨੀਵਰਸਿਟੀ ਪੱਧਰ ਤੇ ਮੈਰਿਟ ਹਾਸਿਲ ਕੀਤੀਆਂ ਹਨ। ਉੱਥੇ ਹੀ ਯੂਨੀਵਰਸਿਟੀ ਨੂੰ ਖੇਡਾਂ ਅਤੇ ਹੋਰ ਸਭਿਆਚਾਰਕ ਗਤੀਵਿਧੀਆਂ ਲਈ ਬਿਹਤਰੀਨ ਖਿਡਾਰੀ ਅਤੇ ਪ੍ਰਤਿਭਾਵਾਨ ਨੌਜਵਾਨ ਦਿਤੇ ਹਨ। ਜੋ ਕਿ ਮਾਣ ਦਾ ਸਬੱਬ ਹੈ। ਇਸ ਦੇ ਨਾਲ ਹੀ ਉਨਾਂ ਵਿਦਿਆਰਥੀਆਂ ਨੂੰ ਵਿਦਿਆਰਥੀ ਜੀਵਨ ਦੀ ਅਹਿਮੀਅਤ ਨੂੰ ਸਮਝਦੇ ਹੋਏ ਆਪਣੇ ਉੱਜਲ ਭਵਿਖ ਲਈ ਸਖ਼ਤ ਮਿਹਨਤ ਕਰਨ ਦੀ ਪ੍ਰੇਰਨਾ ਦਿਤੀ।

ਇਸ ਮੌਕੇ ਐਗਜ਼ੈਕਟਿਵ ਡਾਇਰੈਕਟਰ ਗੁਰਕੀਰਤ ਸਿੰਘ ਨੇ ਸਾਰਿਆਂ ਨੂੰ ਜੀ ਆਇਆ ਕਹਿੰਦੇ ਹੋਏ ਆਪਣੇ ਸੰਬੋਧਨ ਵਿਚ ਕਿਹਾ ਕਿ ਇਸ ਪ੍ਰੋਗਰਾਮ ਦਾ ਆਯੋਜਨ ਵਿਦਿਆਰਥੀਆਂ ਵਿਚਲੀਆਂ ਕਲਾਤਮਕ ਸੋਚ ਨੂੰ ਸਹੀ ਰੂਪ ਰੇਖਾ ਦੇਣਾ ਹੈ । ਇਸ ਦੌਰਾਨ ਸਮਾਗਮ ਵਿਚ ਸਭ ਤੋਂ ਵੱਧ ਆਕਰਸ਼ਨ ਮਿਸਟਰ ਅਤੇ ਮਿਸ ਫਰੈਸ਼ਰ ਦਾ ਮੁਕਾਬਲਾ ਰਿਹਾ।

# ਤੇਲ ਕੀਮਤਾਂ ਤੋਂ ਕਮਾਏ ਚਾਰ ਲੱਖ ਕਰੋੜ ਰੁਪਏ ਕੇਂਦਰ ਸਾਰੇ ਰਾਜਾਂ ਨੂੰ ਵੰਡੇ: ਮਮਤਾ ਬੈਨਰਜੀ

ਕੋਲਕਾਤਾ, 10 ਨਵੰਬਰ (ਪੋਸਟ ਬਿਊਰੋ)- ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਹੈ ਕਿ ਕੇਂਦਰ ਨੇ ਬੀਤੇ ਸਮੇਂ ਦੌਰਾਨ ਤੇਲ ਕੀਮਤਾਂ ਵਿੱਚ ਵਾਧੇ ਤੋਂ ਜਿਹੜੇ ਚਾਰ ਲੱਖ ਕਰੋੜ ਰੁਪਏ ਇਕੱਠੇ ਕੀਤੇ ਹਨ, ਉਹ ਸਾਰੇ ਰਾਜਾਂ ਨੂੰ ਬਰਾਬਰ ਵੰਡੇ ਜਾਣੇ ਚਾਹੀਦੇ ਹਨ। ਪੱਛਮੀ ਬੰਗਾਲ ਅਸੈਂਬਲੀਵਿੱਚ ਮਮਤਾ ਬੈਨਰਜੀ ਨੇ ਕਿਹਾ ਕਿ ਕੇਂਦਰ ਨੇ ਪੰਜ ਰਾਜਾਂ ਵਿੱਚ ਆਗਾਮੀ ਵਿਧਾਨ ਸਭਾ ਚੋਣਾਂ ਕਾਰਨ ਪੈਟਰੋਲ ਅਤੇ ਡੀਜ਼ਲ ਤੋਂ ਐਕਸਾਈਜ਼ ਡਿਊਟੀ ਘਟਾਈ ਹੈ।



ਇਸ ਮੌਕੇ ਮਮਤਾ ਬੈਨਰਜੀ ਨੇ ਕਿਹਾ, ‘‘ਕੇਂਦਰ ਸਰਕਾਰ ਨੇ ਰਸੋਈ ਗੈਸ, ਪੈਟਰੋਲ ਅਤੇ ਡੀਜ਼ਲ ਕੀਮਤਾਂ ਵਿੱਚ ਵਾਧੇ ਤੋਂ ਟੈਕਸਾਂ ਰਾਹੀਂ ਚਾਰ ਲੱਖ ਕਰੋੜ ਰੁਪਏ ਉਗਰਾਹੇ ਹਨ ਅਤੇ ਭਾਜਪਾ ਚਾਹੁੰਦੀ ਹੈ ਕਿ ਸੂਬੇ ਵੈਟ ਘਟਾਉਣ। ਸੂਬੇ ਆਪਣਾ ਪੈਸਾ ਕਿੱਥੋਂ ਪ੍ਰਾਪਤ ਕਰਨਗੇ?'' ਉਨ੍ਹਾਂ ਕਿਹਾ, ‘‘ਕੇਂਦਰ ਨੂੰ ਚਾਰ ਲੱਖ ਕਰੋੜ ਰੁਪਏ ਰਾਜਾਂ ਵਿੱਚ ਬਰਾਬਰ ਵੰਡਣੇ ਚਾਹੀਦੇ ਹਨ।'' ਮਮਤਾ ਨੇ ਕਿਹਾ ਕਿ ਸੂਬਾ ਮੁਸ਼ਕਲਾਂ ਦੇ ਬਾਵਜੂਦ ਕਈ ਸਬਸਿਡੀਆਂ ਦੇ ਰਿਹਾ ਹੈ। ਉਨ੍ਹਾਂ ਨੇ ਭਾਜਪਾ, ਜਿਸ ਨੇ ਤੇਲ ਉੱਤੇ ਵੈਟ ਨਾ ਘਟਾਉਣ ਉੱਤੇ ਅੰਦੋਲਨ ਛੇੜਨ ਦੀ ਧਮਕੀ ਦਿੱਤੀ ਹੈ, ਨੂੰ ਕਿਹਾ, ‘‘ਜਦੋਂ ਵੀ ਚੋਣਾਂ ਨੇੜੇ ਆਉਂਦੀਆਂ ਹਨ, ਕੇਂਦਰ ਸਰਕਾਰ ਕੀਮਤਾਂ ਘਟਾ ਦਿੰਦੀ ਹੈ। ਜਦੋਂ ਚੋਣਾਂ ਲੰਘ ਜਾਂਦੀਆਂ ਹਨ ਤਾਂ ਉਹ ਇਨ੍ਹਾਂ ਨੂੰ ਫਿਰ ਵਧਾ ਦਿੰਦੀ ਹੈ। ਜਿਹੜੇ ਸਾਨੂੰ ਤੇਲ ਕੀਮਤਾਂ ਦਾ ਭਾਸ਼ਣ ਦਿੰਦੇ ਹਨ, ਉਹ ਦੱਸਣ ਕਿ ਸੂਬਾ ਸਰਕਾਰ ਪੈਸਾ ਕਿੱਥੋਂ ਹਾਸਲ ਕਰੇਗੀ। ਕੇਂਦਰ ਸਰਕਾਰ ਸਾਨੂੰ ਸਾਡੇ ਬਕਾਇਆ ਫੰਡ ਨਹੀਂ ਦਿੰਦੀ।'' ਮਮਤਾ ਬੈਨਰਜੀ ਨੇ ਕੇਂਦਰ ਸਰਕਾਰ ਉੱਤੇ ਕੋਵਿਡ-19 ਵੈਕਸੀਨ ਵੰਡ ਵਿੱਚ ਸੂਬੇ ਨਾਲ ਮਤਰੇਈ ਮਾਂ ਵਰਗਾ ਸਲੂਕ ਕਰਨ ਦਾ ਦੋਸ਼ ਵੀ ਲਾਇਆ ਅਤੇ ਕਿਹਾ, ‘‘ਉਤਰ ਪ੍ਰਦੇਸ਼ ਵਰਗੇ ਰਾਜਾਂ ਦੇ ਮੁਕਾਬਲੇ ਸਾਨੂੰ ਬਹੁਤ ਘੱਟ ਵੈਕਸੀਨ ਦਿੱਤੀ ਗਈ। ਅਸੀਂ ਯਕੀਨੀ ਬਣਾਇਆ ਹੈ ਕਿ ਇੱਕ ਵੀ ਵੈਕਸੀਨ ਵਿਅਰਥ ਨਾ ਜਾਵੇ।''ਪੱਛਮੀ ਬੰਗਾਲ ਦੇ ਗਵਰਨਰ ਜਗਦੀਪ ਧਨਖੜ ਦਾ ਨਾਂਅ ਲਏ ਬਿਨਾਂ ਮਮਤਾ ਬੈਨਰਜੀ ਨੇ ਕਿਹਾ ਕਿ ਕਿਸੇ ਨੂੰ ਵੀ ਸਪੀਕਰ ਅਤੇ ਡਿਪਟੀ ਸਪੀਕਰ ਵਿਚਕਾਰ ਦਰਾੜ ਪਾਉਣ ਦਾ ਯਤਨ ਨਹੀਂ ਕਰਨਾ ਚਾਹੀਦਾ।

# ਸੋਸ਼ਲ ਮੀਡੀਆ ਦੇ ਦਬਾਅ ਵਿੱਚ ਪਾਕਿ ਸਰਕਾਰ ਨੇ ਗੋਡੇ ਟੇਕੇ

## * ਹਿੰਦੂ ਮੰਦਰ ਲਈ ਪਲਾਟ ਦੀ ਅਲਾਟਮੈਂਟ ਬਹਾਲ

ਇਸਲਾਮਾਬਾਦ, 10 ਨਵੰਬਰ (ਪੋਸਟ ਬਿਊਰੋ)- ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਵਿਖੇ ਪਹਿਲੇ ਹਿੰਦੂ ਮੰਦਰ ਦੀ ਉਸਾਰੀ ਲਈ ਪਲਾਟ ਦੀ ਅਲਾਟਮੈਂਟ ਬਹਾਲ ਕਰ ਦਿੱਤੀ ਗਈ ਹੈ।



ਵਰਨਣ ਯੋਗ ਹੈ ਕਿ ਜ਼ਮੀਨ ਦੀ ਅਲਾਟਮੈਂਟ ਰੱਦ ਕਰਨ ਦੀ ਖ਼ਬਰ ਪਿੱਛੋਂ ਮੁੱਖ ਧਾਰਾ ਦੇ ਮੀਡੀਆ ਦੇ ਨਾਲ ਸੋਸ਼ਲ ਮੀਡੀਆ ਨੇ ਵੀ ਸੀ ਡੀ ਏ ਦੀ ਤਿੱਖੀ ਆਲੋਚਨਾ ਕੀਤੀ ਸੀ, ਜਿਸ ਕਾਰਨ ਉਸ ਨੂੰ ਨੋਟੀਫਿਕੇਸ਼ਨ ਵਾਪਸ ਲੈਣ ਦੇ ਲਈ ਮਜ਼ਬੂਰ ਹੋਣਾ ਪਿਆ। ਇਸ ਤੋਂ ਪਹਿਲਾਂ ਅਧਿਕਾਰੀਆਂ ਨੇ ਸੁਪਰੀਮ ਕੋਰਟ ਵਿੱਚ ਕਿਹਾ ਸੀ ਕਿ ਹਿੰਦੂ ਭਾਈਚਾਰੇ ਲਈ ਕੀਤੀ ਗਈ ਜ਼ਮੀਨ ਦੀ ਅਲਾਟਮੈਂਟ ਰੱਦ ਕਰ ਦਿੱਤੀ ਹੈ, ਕਿਉਂਕਿ ਇਸ ਉੱਤੇ ਮੰਦਰ ਦੀ ਉਸਾਰੀ ਸ਼ੁਰੂ ਨਹੀਂ ਹੋਈ ਸੀ।

ਸੀ ਡੀ ਏ ਦੇ ਬੁਲਾਰੇ ਸਈਦ ਆਸਿਫ ਰਜ਼ਾ ਨੇ ਕਿਹਾ ਕਿ ਸਰਕਾਰ ਦੇ ਇੱਕ ਫ਼ੈਸਲੇ ਪਿੱਛੋਂ ਵੱਖ-ਵੱਖ ਦਫ਼ਤਰਾਂ, ਯੂਨੀਵਰਸਿਟੀਆਂ ਅਤੇ ਹੋਰ ਅਦਾਰਿਆਂ ਨੂੰ ਕੀਤੀ ਪਲਾਟ ਦੀ ਅਲਾਟਮੈਂਟ ਵੀ ਰੱਦ ਕਰ ਦਿੱਤੀ ਗਈ ਸੀ ਕਿਉਂਕਿ ਕਿਸੇ ਵੀ ਜ਼ਮੀਨ ਉੱਤੇ ਉਸਾਰੀ ਦਾ ਕੰਮ ਸ਼ੁਰੂ ਨਹੀਂ ਹੋਇਆ ਸੀ। ਉਨ੍ਹਾਂ ਕਿਹਾ ਕਿ ਸ਼ਹਿਰੀ ਅਥਾਰਿਟੀ ਏਜੰਸੀ ਦੇ ਅਧਿਕਾਰੀਆਂ ਨੇ ਮੰਤਰੀ ਮੰਡਲ ਦੇ ਫ਼ੈਸਲੇ ਦੀ ਗਲਤ ਵਿਆਖਿਆ ਕੀਤੀ ਅਤੇ ਹਿੰਦੂ ਭਾਈਚਾਰੇ ਨੂੰ ਅਲਾਟ ਜ਼ਮੀਨ ਵੀ ਰੱਦ ਕਰ ਦਿੱਤੀ। ਮੰਦਰ ਲਈ ਅਲਾਟ ਕੀਤੀ ਗਈ ਜ਼ਮੀਨ ਉੱਤੇ ਚਾਰ ਦਿਵਾਰੀ ਦੀ ਉਸਾਰੀ ਦੀ ਪ੍ਰਵਾਨਗੀ ਪਹਿਲਾਂ ਮਿਲ ਚੁੱਕੀ ਹੈ। ਇਸ ਲਈ ਇਸ ਉੱਤੇ ਮੰਤਰੀ ਮੰਡਲ ਦਾ ਫੈਸਲਾ ਲਾਗੂ ਨਹੀਂ ਸੀ ਹੁੰਦਾ। ਉਨ੍ਹਾਂ ਕਿਹਾ ਕਿ ਇਸ ਲਈ ਉਕਤ ਜ਼ਮੀਨ ਉਸ ਸ਼੍ਰੇਣੀ ਵਿੱਚ ਨਹੀਂ ਆਉਂਦੀ ਜਿੱਥੇ ਉਸਾਰੀ ਦਾ ਕੰਮ ਸ਼ੁਰੂ ਨਹੀਂ ਹੋਇਆ।ਬੁਲਾਰੇ ਨੇ ਨਵੀਂ ਅਲਾਟਮੈਂਟ ਬਾਰੇ ਚਿੱਠੀ ਦੀ ਇੱਕ ਕਾਪੀ ਵੀ ਸ਼ੇਅਰ ਕੀਤੀ, ਜਿਸ ਵਿੱਚ ਕਿਹਾ ਗਿਆ ਹੈ ਕਿ ਇਸਲਾਮਾਬਾਦ ਦੇ ਸੈਕਟਰ ਐਚ-9/2 ਵਿੱਚ ਹਿੰਦੂ ਭਾਈਚਾਰੇ ਨੂੰ ਮੰਦਰ, ਕਮਿਊਨਿਟੀ ਸੈਂਟਰ ਅਤੇ ਸ਼ਮਸ਼ਾਨ ਘਾਟ ਲਈ 2016 ਵਿੱਚ ਅਲਾਟ ਕੀਤੀ ਚਾਰ ਕਨਾਲ ਦੀ ਜ਼ਮੀਨ ਜਾਇਜ਼ ਹੈ ਕਿਉਂਕਿ ਇਹ ਮੰਤਰੀ ਦੇ 22 ਸਤੰਬਰ 2020 ਦੇ ਫੈਸਲੇ ਅਧੀਨ ਨਹੀਂ ਆਉਂਦੀ।

# ਸਿੰਗਾਪੁਰ ਵਿੱਚ ਭਾਰਤੀ ਵਿਅਕਤੀ ਦੀ ਫਾਂਸੀ ਉੱਤੇ ਅਦਾਲਤ ਵੱਲੋਂ ਰੋਕ

ਸਿੰਗਾਪੁਰ, 10 ਨਵੰਬਰ (ਪੋਸਟ ਬਿਊਰੋ)- ਸਿੰਗਾਪੁਰ ਦੀ ਇੱਕ ਅਦਾਲਤ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ੀ ਸਾਬਤ ਹੋਏ ਭਾਰਤੀ ਮੂਲ ਦੇ 33 ਸਾਲਾ ਵਿਅਕਤੀ ਦਾ ਕੋਵਿਡ-19 ਟੈਸਟ ਦੀਰਿਪੋਰਟ ਪਾਜ਼ਿਟਿਵ ਆਉਣ ’ਤੇ ਉਸ ਦੀ ਫਾਂਸੀ ਦੀ ਸਜ਼ਾ ਉੱਤੇ ਰੋਕ ਲਾ ਦਿੱਤੀ ਹੈ, ਜਿਸ ਨਾਲ ਉਸ ਨੂੰ ਕੁਝ ਦਿਨ ਮਿਲ ਗਏ ਹਨ।



ਨਗੇਂਦਰਨ ਦੇ ਧਰਮਾਲਿੰਗਮ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਕੇਸ ਵਿੱਚ ਕੱਲ੍ਹ ਫਾਂਸੀ ਦਿੱਤੀ ਜਾਣੀ ਸੀ, ਪਰ ਸਿੰਗਾਪੁਰ ਦੀ ਹਾਈ ਕੋਰਟ ਨੇ ਉਸ ਦੀ ਅਪੀਲ ਦੀ ਆਨਲਾਈਨ ਸੁਣਵਾਈ ਹੋਣ ਤਕ ਉਸ ਦੀ ਫਾਂਸੀ ਦੀ ਮਿਥੀਤਾਰੀਖ ਨੂੰ ਸਸਪੈਂਡ ਕਰ ਦਿੱਤਾ ਹੈ। ਚੈਨਲ ਨਿਊਜ਼ ਏਸ਼ੀਆ ਨੇ ਦੱਸਿਆ ਕਿ ਧਰਮਾਲਿੰਗਮ ਨੂੰ ਉਸ ਦੀ ਮੌਤ ਦੀ ਸਜ਼ਾ ਦੇ ਵਿਰੁੱਧ ਅੰਤਿਮ ਅਪੀਲ ਦੀ ਸੁਣਵਾਈ ਲਈ ਅਪੀਲੀ ਅਦਾਲਤ ਵਿੱਚ ਲਿਆਂਦਾ ਗਿਆ ਸੀ। ਉਸ ਨੂੰ 11 ਸਾਲ ਪਹਿਲਾਂ ਸਜ਼ਾ ਹੋਈ ਸੀ। ਉਸ ਨੂੰ ਥੋੜ੍ਹੀ ਦੇਰ ਬਾਅਦ ਵਾਪਸ ਲਿਆਂਦਾ ਤਾਂ ਇੱਕ ਜੱਜ ਨੇ ਅਦਾਲਤ ਨੂੰ ਦੱਸਿਆ ਕਿ ਧਰਮਾਲਿੰਗਮ ਕੋਵਿਡ-19 ਤੋਂ ਪੀੜਤ ਹੈ। ਜਸਟਿਸ ਐਂਡਰਿਊ ਫੈਂਗ, ਜਸਟਿਸ ਜੂਡਿਥ ਪ੍ਰਕਾਸ਼ ਅਤੇ ਜਸਟਿਸ ਕੰਨਨ ਰਮੇਸ ਨੇ ਕਿਹਾ, ‘‘ਇਹ ਅਚਾਨਕ ਹੈ।'' ਜੱਜ ਨੇ ਕਿਹਾ ਕਿ ਅਦਾਲਤ ਦਾ ਵਿਚਾਰ ਹੈ ਕਿ ਮੌਜੂਦਾ ਹਾਲਾਤ ਵਿੱਚ ਮੌਤ ਦੀ ਸਜ਼ਾ ਨੂੰ ਅੱਗੇ ਵਧਾਉਣਾ ਉਚਿਤ ਨਹੀਂ ਹੈ। ਧਰਮਾਲਿੰਗਮ ਨੂੰ 2009 ਵਿੱਚ ਸਿੰਗਾਪੁਰ ਵਿੱਚ 42.75 ਗ੍ਰਾਮ ਹੈਰੋਇਨ ਲਿਆਉਣ ਲਈ 2010 ਵਿੱਚ ਮੌਤ ਦੀ ਸਜ਼ਾ ਸੁਣਾਈ ਗਈ ਸੀ। ਉਹ 2011 ਵਿੱਚ ਹਾਈ ਕੋਰਟ, 2019 ਵਿੱਚ ਸੁਪਰੀਮ ਕੋਰਟ ਅਤੇ 2019 ਵਿੱਚ ਰਾਸ਼ਟਰਪਤੀ ਤੋਂ ਰਾਹਤ ਲੈਣ ਵਿੱਚ ਅਸਫਲ ਰਿਹਾ।

# ਫੜਨਵੀਸ ਨੇ ਨਵਾਬ ਮਲਿਕ ਉਤੇ ਬੰਬ ਧਮਾਕੇ ਦੇ ਦੋਸ਼ੀਆਂ ਤੋਂ ਸਸਤੀ ਜ਼ਮੀਨ ਖਰੀਦਣ ਦਾ ਦੋਸ਼ ਲਾਇਆ

## * ਨਵਾਬ ਮਲਿਕ ਨੇ ਦੋਸ਼ ਰੱਦ ਕੀਤੇ

ਮੁੰਬਈ, 10 ਨਵੰਬਰ (ਪੋਸਟ ਬਿਊਰੋ)- ਮਹਾਰਾਸ਼ਟਰ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਦੇਵੇਂਦਰ ਫੜਨਵੀਸ ਨੇ ਦੋਸ਼ ਲਾਇਆ ਹੈ ਕਿ ਸੂਬੇ ਦੇ ਮੰਤਰੀ ਨਵਾਬ ਮਲਿਕ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰਾਂ ਦੀ ਇੱਕ ਕੰਪਨੀ ਨੇ 1993 ਦੇ ਲੜੀਵਾਰ ਬੰਬ ਧਮਾਕੇ ਕਰਨ ਦੇ ਕੇਸ ਦੇ ਦੋ ਦੋਸ਼ੀਆਂ ਤੋਂ ਫਰਜ਼ੀ ਸਰਟੀਫਿਕੇਟ ਨਾਲ ਬਹੁਤ ਘੱਟ ਰੇਟ ਉੱਤੇ ਸਬ ਅਰਬਨ ਕੁਰਲਾ ਇਲਾਕੇ ਵਿੱਚ ਜ਼ਮੀਨ ਖਰੀਦੀ ਹੈ।



< ਇੱਥੇ ਪ੍ਰੈਸ ਕਾਨਫਰੰਸ ਵਿੱਚ ਫੜਨਵੀਸ ਨੇ ਦਾਅਵਾ ਕੀਤਾ ਕਿ ਦੋ ਦੋਸ਼ੀਆਂ ਵਿੱਚੋਂ ਇੱਕ ਸਲੀਮ ਇਸਹਾਕ ਪਟੇਲ ਮੁੰਬਈ ਵਿੱਚ ਦਾਊਦ ਇਬਰਾਹੀਮ ਦੀ ਭੈਣ ਹਸੀਨਾ ਪਾਰਕਰ ਲਈ ਕੰਮ ਕਰਦਾ ਸੀ। ਉਨ੍ਹਾਂ ਨੇ ਨਵਾਬ ਮਲਿਕ ਤੇ ਉਨ੍ਹਾਂ ਦੇ ਪਰਵਾਰ ਉਤੇ ਅੰਡਰਵਰਲਡ ਨਾਲ ਸਬੰਧਤ ਲੋਕਾਂ ਨਾਲ ਜ਼ਮੀਨੀ ਸੌਦੇ ਕਰਨ ਦਾ ਦੋਸ਼ ਲਾਇਆ ਹੈ। ਦੇਵੇਂਦਰ ਫੜਨਵੀਸ ਨੇ ਕਿਹਾ, ‘‘ਜਦੋਂ ਮੈਂ ਸੂਬੇ ਦਾ ਮੁੱਖ ਮੰਤਰੀ ਸਾਂ, ਮੈਨੂੰ ਇਸ ਦਾ ਪਤਾ ਨਹੀਂ ਸੀ, ਜੇ ਇਸ ਬਾਰੇ ਪਹਿਲਾਂ ਪਤਾ ਲੱਗ ਜਾਂਦਾ ਤਾਂ ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ ਸੀ ਪੀ) ਦੇ ਨੇਤਾ ਮਲਿਕ ਦਾ ਪਰਦਾਫਾਸ਼ ਕਰ ਦਿੰਦਾ।’

ਦੂਸਰੇ ਪਾਸੇ ਨਵਾਬ ਮਲਿਕ ਨੇ ਦੇਵੇਂਦਰ ਫੜਨਵੀਸ ਵੱਲੋਂ ਲਏ ਦੋਸ਼ ਰੱਦ ਕਰਦਿਆਂ ਕਿਹਾ ਕਿ ਇਹ ਜ਼ਮੀਨੀ ਸੌਦੇ ਪਾਰਦਰਸ਼ੀ ਹਨ ਅਤੇ ਸਾਬਕਾ ਮੁੱਖ ਮੰਤਰੀ ਅੰਡਰਵਰਲਡ ਨਾਲ ਸੰਬੰਧ ਜੋੜ ਕੇ ਉਨ੍ਹਾਂ ਦਾ ਅਕਸ ਵਿਗਾੜਨਾ ਚਾਹੁੰਦੇ ਹਨ। ਨਵਾਬ ਮਲਿਕ ਨੇ ਕਿਹਾ ਕਿ ਦੇਵੇਂਦਰ ਫੜਨਵੀਸ ਵੱਲੋਂ ਉਨ੍ਹਾਂ ਦੇ ਜਵਾਈ ਸਮੀਰ ਖਾਨ ਖਿਲਾਫ ਕੀਤੀ ਟਿੱਪਣੀ ਨੂੰ ਲੈ ਕੇ ਉਨ੍ਹਾਂ ਦੀ ਬੇਟੀ ਉਨ੍ਹਾਂ (ਫੜਨਵੀਸ) ਨੂੰ ਕਾਨੂੰਨੀ ਨੋਟਿਸ ਭੇਜੇਗੀ। ਵਰਨਣ ਯੋਗ ਹੈ ਕਿ ਸਮੀਰ ਖਾਨ ਨੂੰ ਡਰੱਗ ਕੇਸ ਵਿੱਚ ਨਾਰਕੋਟਿਕਸ ਕੰਟਰੋਲ ਬਿਊਰੋ ਨੇ ਗ੍ਰਿਫਤਾਰ ਕੀਤਾ ਸੀ ਅਤੇ ਪਿੱਛੋਂ ਉਸ ਨੂੰ ਜ਼ਮਾਨਤ ਮਿਲ ਗਈ ਸੀ। ਫੜਨਵੀਸ ਵੱਲੋਂ ਪ੍ਰੈਸ ਕਾਨਫਰੰਸ ਖਤਮ ਕਰਨ ਤੋਂ ਤੁਰੰਤ ਬਾਅਦ ਮਲਿਕ ਨੇ ਟਵੀਟ ਕੀਤਾ, ‘‘ਮੈਂ ਵਾਪਸ ਆ ਰਿਹਾ ਹਾਂ।'' ਮਲਿਕ ਨੇ ਪ੍ਰੈਸ ਕਨਫਰੰਸ ਵਿੱਚ ਕਿਹਾ, ‘‘ਫੜਨਵੀਸ ਵੱਲੋਂ ਲਾਏ ਦੋਸ਼ ਬੇਬੁਨਿਆਦ ਹਨ। ਮੈਂ, ਅੰਡਰਵਲਡ ਜਾਂ ਧਮਾਕੇ ਦੇ ਨਾਲ ਸਬੰਧਤ ਕਿਸੇ ਵਿਅਕਤੀ ਤੋਂ ਕੋਈ ਜਾਇਦਾਦ ਨਹੀਂ ਖਰੀਦੀ।'' ਉਨ੍ਹਾਂ ਕਿਹਾ ਕਿ ‘‘ਸਾਰੇ ਸੌਦੇ ਪਾਰਦਰਸ਼ੀ ਢੰਗ ਨਾਲ ਹੋਏ ਹਨ।''

# ਸ਼ਰਾਬ ਕਾਰਨ ਭਾਰਤ ਵਿੱਚ ਹਰ ਸਾਲ ਦੋ ਲੱਖ 70 ਹਜ਼ਾਰ ਮੌਤਾਂ

## * ਸ਼ਰਾਬ ਖਰੀਦਣ ਦੀ ਮਹਾਂਰਾਸ਼ਟਰ ਵਿੱਚ ਉਮਰ 25 ਸਾਲ * ਗੋਆ ਵਿੱਚ 18 ਸਾਲ, ਪਰ ਪੰਜਾਬ ਵਿੱਚ ਕੋਈ ਉਮਰ ਨਹੀਂ

ਨਵੀਂ ਦਿੱਲੀ, 10 ਨਵੰਬਰ (ਪੋਸਟ ਬਿਊਰੋ)- ਭਾਰਤ ਵਿੱਚ ਸ਼ਰਾਬ ਪੀ ਕੇ ਗੱਡੀ ਚਲਾਉਣ ਨਾਲ ਹਰ ਸਾਲ ਕਰੀਬ ਇੱਕ ਲੱਖ ਮੌਤਾਂ ਸੜਕੀ ਹਾਦਸਿਆਂ ਦੌਰਾਨ ਹੁੰਦੀਆਂ ਹਨ ਅਤੇ 30,000 ਮੌਤਾਂ ਸਾਲਾਨਾ ਦਰ ਦੇ ਹਿਸਾਬ ਨਾਲ ਅਲਕੋਹਲ ਨਾਲ ਪੈਦਾ ਹੋਏ ਕੈਂਸਰ ਕਾਰਨ ਹੁੰਦੀਆਂ ਹਨ। ਇਸੇ ਤਰ੍ਹਾਂ ਹਰ ਸਾਲ ਇੱਕ ਲੱਖ 40 ਹਜ਼ਾਰ ਮੌਤਾਂ ਅਲਕੋਹਲ ਦੀ ਵੱਧ ਵਰਤੋਂ ਦੇ ਨਾਲ ਜਿਗਰ ਦੀ ਗੰਭੀਰ ਬੀਮਾਰੀ ਪੈਦਾ ਹੋਣ ਨਾਲ ਹੁੰਦੀਆਂ ਹਨ। ਇਸ ਤੋਂ ਸਿੱਧ ਹੁੰਦਾ ਹੈ ਕਿ ਅਲਕੋਹਲ ਜਾਂ ਸ਼ਰਾਬ ਦੇ ਸਿੱਧੇ ਅਸਿੱਧੇ ਪ੍ਰਭਾਵ ਕਾਰਨ ਦੇਸ਼ ਵਿੱਚ ਹਰ ਸਾਲ ਕਰੀਬ ਦੋ ਲੱਖ 70 ਹਜ਼ਾਰ ਮੌਤਾਂ ਹੁੰਦੀਆਂ ਹਨ।



ਮਹਾਂਰਾਸ਼ਟਰ ਵਿੱਚ ਸ਼ਰਾਬ ਦੇ ਠੇਕੇ ਤੋਂ ਸਿਰਫ਼ 25 ਸਾਲ ਤੋਂ ਵੱਧ ਉਮਰ ਦਾ ਵਿਅਕਤੀ ਸ਼ਰਾਬ ਖ਼ਰੀਦ ਸਕਦਾ ਹੈ, ਗੋਆ ਵਿੱਚ ਇਹ ਉਮਰ ਹੱਦ 18 ਸਾਲ ਹੈ। ਪੰਜਾਬ ਵਿੱਚ ਬੋਤਲ ਖਰੀਦਣ ਦੀ ਕੋਈ ਉਮਰ ਨਹੀਂ, 10 ਸਾਲ ਦਾ ਬੱਚਾ ਵੀ ਖਰੀਦ ਸਕਦਾ ਹੈ। ਸਰਕਾਰ ਵੱਲੋਂ ਸ਼ਰਾਬ ਖਰੀਦਣ ਲਈ ਉਮਰ ਹੱਦ ਮਿਥਣ ਨਾਲ ਠੇਕਿਆਂ ਤੋਂ ਛੋਟੀ ਉਮਰ ਦੇ ਨੌਜਵਾਨਾਂ ਨੂੰ ਦੂਰ ਰੱਖਿਆ ਜਾ ਸਕਦਾ ਹੈ। ਸੰਸਾਰ ਸਿਹਤ ਸੰਸਥਾ (ਡਬਲਿਊ ਐਚ ਓ) ਦਾ ਕਹਿਣਾ ਹੈ ਕਿ ਸਮੁੱਚੇ ਸੰਸਾਰ ਵਿੱਚ ਸ਼ਰਾਬ ਨਾਲ ਇੱਕ ਦਿਨ ਵਿੱਚ ਕਰੀਬ 6000 ਲੋਕ ਮਰਦੇ ਹਨ ਪਰ ਸ਼ਰਾਬ ਦਾ ਇਨ੍ਹਾਂ ਸਾਰੀਆਂ ਮੌਤਾਂ ਨਾਲ ਸਿੱਧਾ ਸੰਬੰਧ ਨਹੀਂ, ਅਸਿੱਧਾ ਸੰਬੰਧ ਵੀ ਹੈ। ਇਨ੍ਹਾਂ ਮੌਤਾਂ ਵਿੱਚ ਐਕਸੀਡੈਂਟ, ਹਾਦਸੇ ਤੋਂ ਬਾਅਦ ਸੜਕ ਤੇ ਲੜਾਈ, ਜ਼ਖ਼ਮੀ ਹੋਣ ਤੋਂ ਬਾਅਦ ਮੌਤਾਂ, ਸਰੀਰ ਵਿੱਚ ਖ਼ਰਾਬੀ, ਇਨਫੈਕਸ਼ਨ, ਕੈਂਸਰ, ਦਿਮਾਗੀ ਪ੍ਰੇਸ਼ਾਨੀ ਜਾਂ ਜਿਗਰ ਦੇ ਰੋਗਾਂ ਤੋਂ ਨਾਲ ਦਿੱਲ ਦੇ ਰੋਗ ਸ਼ਾਮਲ ਹਨ। ਦਿੱਲੀ ਟ੍ਰੈਫਿਕ ਪੁਲਸ ਨੇ ਇਸੇ ਸਾਲ ਦੇ ਪਹਿਲੇ ਛੇ ਮਹੀਨਿਆਂ ਵਿੱਚ ਡੇਢ ਲੱਖ ਡਰਾਈਵਰ ਸ਼ਰਾਬੀ ਹਾਲਤ ਵਿੱਚ ਫੜੇ ਹਨ ਅਤੇ ਇਹ ਸ਼ਰਾਬੀ ਡਰਾਈਵਰ ਸਿਰਫ ਆਪਣੀਆਂ ਨਹੀਂ, ਹੋਰਨਾਂ ਦੀਆਂ ਜ਼ਿੰਦਗੀਆਂ ਨਾਲ ਵੀ ਖੇਡਦੇ ਹਨ। ਸ਼ਰਾਬ ਜਾਂ ਅਲਕੋਹਲ ਦੇ ਸੇਵਨ ਨਾਲ ਭਾਰਤ ਵਿੱਚ ਇੱਕ ਦਿਨ ਦੌਰਾਨ 15 ਵਿਅਕਤੀਆਂ ਦੀ ਮੌਤ ਹੁੰਦੀ ਹੈ ਜਿਹੜਾ ਘੜੀ ਦੇ ਹਿਸਾਬ ਨਾਲ ਹਰ 96 ਮਿੰਟ ਬਾਅਦ ਇੱਕ ਵਿਅਕਤੀ ਦੀ ਮੌਤ ਬਣਦੀ ਹੈ।


# ਬੇਕਾਬੂ ਕਾਰ ਨੇ 11 ਜਣਿਆਂ ਨੂੰ ਕੁਚਲਿਆ, ਇੱਕ ਦੀ ਮੌਤ



ਜੋਧਪੁਰ, 10 ਨਵੰਬਰ (ਪੋਸਟ ਬਿਊਰੋ)- ਜੋਧਪੁਰ ਦੀ ਏਮਸ ਰੋਡ ਵਿਖੇ ਕੱਲ੍ਹ ਸਵੇਰੇ ਇੱਕ ਤੇਜ਼ ਰਫ਼ਤਾਰ ਕਾਰ ਨੇ 11 ਲੋਕਾਂ ਨੂੰ ਕੁਚਲ ਦਿੱਤਾ। ਇਨ੍ਹਾਂ ਵਿੱਚੋਂ 16 ਸਾਲ ਦੇ ਇੱਕ ਮੁੰਡੇ ਦੀ ਮੌਤ ਹੋ ਗਈ ਅਤੇ 10 ਜ਼ਖ਼ਮੀ ਲੋਕਾਂ ਨੂੰ ਹਸਪਤਾਲ ਦਾਖ਼ਲ ਕਰਵਾਇਆ ਗਿਆ। ਇਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

ਪੁਲਸ ਸੂਤਰਾਂ ਮੁਤਾਬਕ ਸਾਸ਼ਤਰੀ ਨਗਰ ਥਾਣਾ ਖੇਤਰ ਦੇ ਨੰਦਨਵਨ ਗ੍ਰੀਨ ਦਾ ਵਾਸੀ 50 ਸਾਲਾ ਅਮਿਤ ਸਾਗਰ ਆਪਣੀ ਕਾਰ ਵਿੱਚ ਜਾ ਰਿਹਾ ਸੀ। ਏਮਸ (ਆਲ ਇੰਡੀਆ ਮੈਡੀਕਲ ਇੰਸਟੀਚਿਊਟ) ਵੱਲ ਜਾਂਦੇ ਸਮੇਂ ਪੈਟਰੋਲ ਪੰਪ ਤੋਂ ਕੁਝ ਪਹਿਲਾਂ ਕਾਰ ਅਚਾਨਕ ਬੇਕਾਬੂ ਹੋ ਗਈ। ਉਸ ਨੇ ਸਭ ਤੋਂ ਪਹਿਲਾਂ ਇੱਕ ਸਕੂਟਰ ਸਵਾਰ ਨੂੰ ਟੱਕਰ ਮਾਰੀ। ਉਸ ਤੋਂ ਬਾਅਦ ਕਾਰ ਦੀ ਸਪੀਡ ਹੋਰ ਤੇਜ਼ ਹੋ ਗਈ ਅਤੇ ਇਸ ਤੋਂ ਪਹਿਲਾਂ ਕਿ ਲੋਕ ਆਪਣੇ ਆਪ ਨੂੰ ਬਚਾਉਂਦੇ, ਕਾਰ ਨੇ ਇੱਕ ਮੋਟਰਸਾਈਕਲ ਅਤੇ ਇੱਕ ਸਕੂਟਰੀ ਨੂੰ ਟੱਕਰ ਮਾਰ ਦਿੱਤੀ। ਇਸ ਪਿੱਛੋਂ ਕਾਰ ਨੇ ਸੜਕ ਕੰਢੇ ਬਣੀਆਂ ਝੌਂਪੜੀਆਂ ਵਿੱਚੋਂ ਬਾਹਰ ਆ ਰਹੇ ਇੱਕ ਸਾਈਕਲ ਸਵਾਰ ਨੂੰ ਟੱਕਰ ਮਾਰ ਦਿੱਤੀ ਅਤੇ ਝੌਂਪੜੀਆਂ ਕੋਲ ਖੜ੍ਹੇ ਕੁਝ ਹੋਰ ਲੋਕਾਂ ਨੂੰ ਲਪੇਟ ਵਿੱਚ ਲੈ ਲਿਆ। ਇਸ ਘਟਨਾ ਪਿੱਛੋਂ ਡਰਾਈਵਰ ਅਮਿਤ ਸਾਗਰ ਖੁਦ ਹੀ ਥਾਣੇ ਪਹੁੰਚ ਗਿਆ।

ਸਭ ਲੋਕਾਂ ਨੂੰ ਏਮਸ ਵਿਖੇ ਦਾਖਲ ਕਰਵਾਇਆ ਗਿਆ, ਜਿਨ੍ਹਾਂ ਵਿੱਚੋਂ ਇੱਕ ਜਣੇ ਦੀ ਮੌਤ ਹੋ ਗਈ।




# 200 ਦਿਨਾਂ ਬਾਅਦ ਚਾਰ ਪੁਲਾੜ ਯਾਤਰੀ ਧਰਤੀ ਉਤੇ ਪਰਤੇ



ਕੇਪ ਕੇਨਵਰਲ, 10 ਨਵੰਬਰ (ਪੋਸਟ ਬਿਊਰੋ)- 200 ਦਿਨ ਪੁਲਾੜ ਦੇ ਕੇਂਦਰ ਵਿੱਚ ਬਿਤਾ ਕੇ ਚਾਰ ਪੁਲਾੜ ਯਾਰਤੀ ਸਪੇਸ-ਐਕਸ ਦੇ ਕੈਪਸੂਲ ਰਾਹੀਂ ਸੋਮਵਾਰ ਰਾਤ 10.30 ਵਜੇ ਧਰਤੀ ਉੱਤੇ ਪਰਤ ਆਏ।

ਨਾਸਾ-ਸਪੇਸ-ਐਕਸ ਕਰਿਓ-2 ਮਿਸ਼ਨ ਦਾ ਹਿੱਸਾ ਰਹੇ ਇਨ੍ਹਾਂ ਪੁਲਾੜ ਯਾਤਰੀਆਂ ਦਾ ਕੈਪਸੂਲ ਰਾਤ ਹਨੇਰੇ ਵਿੱਚ ਫਲੋਰੀਡਾ ਦੇ ਪੇਂਸਾਕੋਲਾ ਤੱਟ ਉੱਤੇ ਮੈਕਸੀਕੋ ਦੀ ਖਾੜੀ ਵਿੱਚ ਉਤਰਿਆ। ਉਹ ਕੌਮਾਂਤਰੀ ਪੁਲਾੜ ਕੇਂਦਰ ਤੋਂ ਰਵਾਨਾ ਹੋਣ ਦੇ ਸਿਰਫ ਅੱਠ ਘੰਟੇ ਬਾਅਦ ਧਰਤੀ ਉੱਤੇ ਪੁੱਜ ਗਿਆ ਸੀ। ਨਾਸਾ ਦੇ ਪੁਲਾੜ ਯਾਤਰੀ ਸ਼ੇਨ ਕਿਮਬਰਾ (54) ਤੇ ਮੇਗਨ ਮੈਕਆਰਥਰ (50), ਜਾਪਾਨ ਦੇ ਅਕੀਹਿਤੋ ਹੋਸ਼ਿਦੇ (52) ਤੇ ਫਰਾਂਸ ਦੇ ਥਾਮਸ ਪੇਸਕਵੇਟ (43) ਨੂੰ ਸਵੇਰੇ ਹੀ ਵਾਪਸ ਪਰਤਣਾ ਸੀ, ਪਰ ਤੇਜ਼ ਹਵਾਵਾਂ ਕਾਰਨ ਵਾਪਸੀ ਵਿੱਚ ਦੇਰੀ ਹੋਈ। ਪੁਲਾੜ ਕੇਂਦਰ ਤੋਂ ਨਾਸਾ ਦੇ ਪੁਲਾੜ ਯਾਤਰੀ ਮਾਰਕ ਵਾਂਦੇ ਹੇਈ ਨੇ ਆਪਣੇ ਸਾਥੀ ਪੁਲਾੜ ਯਾਤਰੀਆਂ ਨੂੰ ਵਿਦਾਈ ਦਿੱਤੀ ਤੇ ਮੈਕਆਰਥਰ ਨੇ ਕਿਹਾ, ‘‘ਮੈਂ ਨੇੜੇ ਦੇ ਮਾਡਿਊਲ ਤੋਂ ਤੁਹਾਡੇ ਹਾਸੇ ਦੀ ਕਮੀ ਮਹਿਸੂਸ ਕਰਾਂਗਾ।'' ਪੇਸਕਵੇਟ ਨੇ ਇੱਕ ਵੀਡੀਓ ਟਵੀਟ ਕੀਤਾ ਜਿਸ ਵਿੱਚ ਪੁਲਾੜ ਦੇ ਸੰਘਣੇ ਹਨੇਰੇ ਵਿਚਾਲੇ ਪੁਲਾੜ ਕੇਂਦਰ ਜਮਮਗਾ ਰਿਹਾ ਹੈ। ਨਾਸਾ ਦੀ ਪੁਲਾੜ ਮੁਹਿੰਮ ਮੁਖੀ ਕੈਥੀ ਲਾਇਡਰਸ ਨੇ ਕਿਹਾ ਕਿ ਚਾਰ ਮੁੱਖ ਪੈਰਾਸ਼ੂਟਾਂ ਵਿੱਚੋਂ ਇੱਕ ਵਿੱਚ ਆਈ ਖ਼ਾਮੀ ਦਾ ਇੰਜੀਨੀਅਰ ਮੁਲਾਂਕਣ ਕਰਨਗੇ।

ਚਾਰਾਂ ਪੁਲਾੜ ਯਾਤਰੀਆਂ ਦੀ ਧਰਤੀ ਉੱਤੇ ਵਾਪਸੀ ਸੌਖੀ ਨਹੀਂ ਰਹੀ। ਕੈਪਸੂਲ ਦਾ ਪਖਾਨਾ ਨੁਕਸਾਨਿਆ ਗਿਆ ਸੀ, ਜਿਸ ਕਾਰਨ ਸਾਰਿਆਂ ਨੂੰ ਵਾਪਸੀ ਯਾਤਰਾ ਦੌਰਾਨ ਡਾਇਪਰ ਪਹਿਨਣਾ ਪਿਆ। 23 ਅਪ੍ਰੈਲ ਨੂੰ ਵਾਪਸ ਰਵਾਨਾ ਹੋਣ ਤੋਂ ਬਾਅਦ ਮਿਸ਼ਨ ਕੰਟਰੋਲ ਨੇ ਪੁਲਾੜੀ ਕਚਰੇ ਦੇ ਇੱਕ ਟੁਕੜੇ ਦੇ ਉਨ੍ਹਾਂ ਦੇ ਕੈਪਸੂਲ ਨਾਲ ਟਕਰਾਉਣ ਬਾਰੇ ਸਾਵਧਾਨ ਕੀਤਾ ਸੀ, ਇਹ ਚਿਤਾਵਨੀ ਗਲਤ ਸਾਬਤ ਹੋਈ।

# ਬਿਪਿਨ ਰਾਵਤ ਦਾ ਸਪੱਸ਼ਟੀਕਰਨ, ਚੀਨ ਨੇ ਭਾਰਤ ਵਾਲੇ ਬਾਰਡਰ ਉਤੇ ਕੋਈ ਪਿੰਡ ਹੀ ਨਹੀਂ ਵਸਾਇਆ

ਦੇਹਰਾਦੂਨ, 10 ਨਵੰਬਰ (ਪੋਸਟ ਬਿਊਰੋ)- ਅਰੁਣਾਚਲ ਪ੍ਰਦੇਸ਼ ਵਿੱਚ ਭਾਰਤ ਦੇ ਬਾਰਡਰ ਖੇਤਰ ਵਿੱਚ ਚੀਨ ਵੱਲੋਂ ਪਿੰਡ ਵਸਾਉਣ ਦੀ ਅਮਰੀਕੀ ਰਿਪੋਰਟ ਨੂੰ ਭਾਰਤ ਦੇ ਚੀਫ ਆਫ ਡਿਫੈਂਸ ਸਟਾਫ (ਸੀ ਡੀ ਐਸ) ਜਰਨਲ ਬਿਪਿਨ ਰਾਵਤ ਨੇ ਸਿਰੇ ਤੋਂ ਰੱਦ ਕੀਤਾ ਅਤੇ ਕਿਹਾ ਹੈ ਕਿ ਸਾਡੀ ਹੱਦ ਕਿਥੇ ਤਕ ਹੈ, ਸਾਨੂੰ ਪਤਾ ਹੈ।




ਜਨਰਲ ਬਿਪਿਨ ਰਾਵਤ ਕੱਲ੍ਹ ਉੱਤਰਾ ਖੰਡ ਰਾਜ ਦੇ ਸਥਾਪਨਾ ਦਿਵਸ ਮੌਕੇ ਰਾਜ ਭਵਨ ਵਿੱਚ ਏਥੇ ਲੈਫਟਨੈਂਟ ਜਨਰਲ (ਸੇਵਾਮੁਕਤ) ਗੁਰਮੀਤ ਸਿੰਘ ਵੱਲੋਂ ਕਰਵਾਏ ਗਏ ਸਾਵਲਪਹਾਰ ਪ੍ਰੋਗਰਾਮ ਵਿੱਚ ਸ਼ਾਮਲ ਹੋਏ ਸਨ,ਜਿਸ ਵਿੱਚ ਕੇਂਦਰੀ ਰੱਖਿਆ ਰਾਜ ਮੰਤਰੀ ਅਜੈ ਭੱਟ ਅਤੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਵੀ ਮੌਜੂਦ ਸਨ। ਇਸ ਮੌਕੇ ਪੱਤਰਕਾਰਾਂ ਨਾਲ ਗੈਰ ਰਸਮੀ ਗੱਲਬਾਤ ਵਿੱਚ ਜਨਰਲ ਰਾਵਤ ਨੇ ਕਿਹਾ ਕਿ ‘ਅਸੀਂ ਆਪਣੀ ਸਰਹੱਦ ਦੀ ਪੂਰੀ ਚੌਕਸੀ ਕਰ ਰਹੇ ਹਾਂ। ਅਸੀਂ ਕਿਸੇ ਨੂੰ ਵੀ ਭਾਰਤੀ ਸੀਮਾ ਵਿੱਚ ਨਹੀਂ ਵੱਸਣ ਦਿੱਤਾ।’ਉਨ੍ਹਾ ਨੇ ਕਿਹਾ ਕਿ ਉਤਰ ਤੋਂ ਦੱਖਣ ਤਕ ਅਤੇ ਪੂਰਬ ਤੋਂ ਪੱਛਮ ਤਕ ਭਾਰਤ ਦੀ ਸੀਮਾ ਸੁਰੱਖਿਅਤ ਹੈ।ਉਨ੍ਹਾਂ ਨੇ ਕਿਹਾ ਕਿ ਕਿਸੇ ਅੜਿੱਕੇ ਨਾਲ ਨਿਪਟਣ ਲਈ ਐਲ ਓ ਸੀ ਉੱਤੇ ਹਜ਼ਾਰਾਂ ਦੀ ਗਿਣਤੀ ਵਿੱਚ ਭਾਰਤੀ ਫੌਜੀ ਖੜੇ ਹਨ। ਰਾਵਤ ਨੇ ਕਿਹਾ ਕਿ ਚਾਹੇ ਚੀਨ ਹੋਵੇ ਜਾ ਕੋਈ ਹੋਰ ਦੇਸ਼, ਭਾਰਤ ਕਿਸੇ ਵੀ ਗੁਆਂਢੀ ਦੇਸ਼ ਨਾਲ ਅੰਤਰਰਾਸ਼ਟਰੀ ਸੀਮਾ ਉੱਤੇ ਵਿਵਾਦ ਨਹੀਂ ਚਾਹੁੰਦਾ, ਪਰ ਕਿਸੇ ਵੀ ਗੁਆਂਢੀ ਦੇਸ਼ ਦੇ ਵੱਲੋਂ ਅੰਤਰਰਾਸ਼ਟਰੀ ਸੀਮਾ ਦੀ ਉਲੰਘਣ ਕਰਨ ਉੱਤੇ ਭਾਰਤ ਪਲਟਵਾਰ ਕਰਨ ਵਿੱਚ ਪਿੱਛੇ ਨਹੀਂ ਹਟੇਗਾ।

# ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

## ਅਵਤਾਰ ਸਿੰਘ ਟਿਵਾਣਾ




- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative

Tel: 905.793.5777
416.802.5866

31 Melanie Dr. Unit #4 Brampton, ON L6T 5H8




CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਊਂਟਰ ਟਾਪ, 2 ਫਰਿਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




8337 ਗਲਫ ਲਾਈਨ

401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866




26 Yellow RomeRd

ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੂਟ ਅਤੇ ਵਾਕਇਨ ਕਲਾਜਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ ਦੀ ਫਿਨਿਸ਼ਡ ਬੇਸਮੇਂਟ ਵਿਦ ਸੈਪਰੇਟ ਐਂਟਰੇਂਸ, 6 ਵਾਸ਼ਰੂਮ, 2 ਫਰਿੱਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

DUNDAS · JAFINE

# HELP WANTED
## ਕਾਮਿਆਂ ਦੀ ਲੋੜ
### ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department


## ਤੰਦੂਰੀ ਸ਼ੈੱਫ ਦੀ ਲੋੜ

"ਫਿਊਜ਼ਨ ਬੂਥ", 1900 ਆਕਸਫੋਰਡ ਸਟਰੀਟ, ਲੰਡਨ, ਓਨਟਾਰੀਓ ਵਿਖੇ ਫੁਲ ਟਾਈਮ ਲਈ ਤੰਦੂਰੀ ਸ਼ੈੱਫ ਦੀ ਲੋੜ ਹੈ, ਜੋ ਭਾਰਤੀ ਸਟਾਇਲ ਦੇ ਓਵਨ 'ਚ ਬਰੈੱਡ ਅਤੇ ਮੀਟ ਤਿਆਰ ਕਰਨ ਦੇ ਯੋਗ ਹੋਵੇ। ਘੱਟ ਤੋਂ ਘੱਟ 6 ਮਹੀਨੇ ਦਾ ਤਜਰਬਾ ਹੋਣਾ ਲਾਜ਼ਮੀ ਹੈ, 1 ਸਾਲ ਦੇ ਤਜਰਬੇ ਵਾਲੇ ਨੂੰ ਪਹਿਲ ਦਿੱਤੀ ਜਾਵੇਗੀ। ਤਨਖਾਹ ਤਜਰਬੇ ਦੇ ਹਿਸਾਬ ਨਾਲ ਹੋਵੇਗੀ।

**ਸੰਪਰਕ: 647-638-6347**


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202





# Matrimonial
ਰਿਸ਼ਤੇ ਹੀ ਰਿਸ਼ਤੇ

Starting at just $10
ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ
ਕਾਲ ਕਰੋ: 905-793-2202


## ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

Sikh Ramgarhiya family seeking match for their son 29 years, 6ft. Masters in Computer Science, working as a Software developer in a US based company. Boy is a PR and well settled in Canada. Preference will be given to someone already in Canada. Please contact +1-613-769-2680 or +91-97799-21292.

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ, 29, ਕੱਦ 5 ਫੁੱਟ, 9 ਇੰਚ, ਅਮਰੀਕਾ ਜੰਮਪਲ, ਸਾਰਾ ਪਰਿਵਾਰ ਵੈਲ ਸੈਟਲਡ, Residency doctor ਕਰ ਰਹੇ ਲੜਕੇ ਲਈ ਅਮਰੀਕਨ ਜਾਂ ਕੈਨੇਡੀਅਨ ਜੰਮਪਲ ਲੜਕੀ ਦੀ ਲੋੜ ਹੈ। ਸੰਪਰਕ:+12627165859, email: karan2@sbcglobal.net

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਮੋਬਾਇਲ: ਪਰਮਿੰਦਰ ਗਰੇਵਾਲ 647-391-1000**
**ਬਲਵੀਰ ਸਰਪੰਚ 289-541-5384**

## ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :

**705-443-2556**

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com


Check our Free E-paper at: www.canadianpunjabipost.ca
905-793-2202
ਪੰਜਾਬੀ ਪੋਸਟ

WWW.KULWINDERCHHINA.COM



KULWINDERCHHINA
BROKER
647.293.2327

STARLANE PAINTING
Residential • Commercial • Industrial
• Hotel • Motel • Exterior
• Interior • Spray Painting
• Office Painting • Drywall Fixing
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
7 Days A Week
Call For FREE Estimate
ਹਰ ਤਰ੍ਹਾਂ ਦੀ ਵਧੀਆਂ ਪੇਂਟਿੰਗ ਲਈ 20 ਸਾਲਾਂ ਤੋਂ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ
416.230.4000 • 647.409.1092
www.STARLANEPAINTING.com
ਹਰਜੀਤ ਧਨੋਆ

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ
20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)

(905)793-2202
You can Place Your Business Here
To Reach Wider Audience
For more info Call 905-793-2202 or e-mail ads@punjabipost.ca

A/Z CITY DRIVER WANTED
INNOVATION Transportation
- A/Z City Drivers Needed
- Good Pay and good Mileage
- Day, Afternoon & Weekend Shifts
- Weekly Pay
$22 /Hour
- 7 Days Work - All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Check our Free E-paper at: www.canadianpunjabipost.ca
905-793-2202
ਪੰਜਾਬੀ ਪੋਸਟ

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀਜ਼ ਇੰਸਟਰਕਟਰ
647-998-7500 ਬਲਵਿੰਦਰ

# ਕੀ ਤੁਸੀਂ ਕਰਜ਼ੇ ਵਿੱਚ ਹੋ?



## ਕੀ ਤੁਸੀਂ ਕਲੈਕਸ਼ਨ ਕਾਲ ਤੋਂ ਅੱਕ ਚੁੱਕੇ ਹੋ?



BOOK YOUR FREE CONSULTATION

ਹੁਣ ਘਬਰਾਉਣ ਦੀ ਜ਼ਰੁਰਤ ਨਹੀਂ
ਹੁਣ ਗੋਮਾ ਸੰਧੂ ਕਰਣਗੇ ਤੁਹਾਡੇ ਕਰੈਡਿਟ ਕਾਰਡ, ਲੋਨ ਤੇ ਟੈਕਸ ਦੇ ਕਰਜ਼ੇ ਦਾ ਹੱਲ ਤੇ ਤੁਹਾਡੇ ਕਰਜ਼ੇ ਦਾ ਲਗਭਗ 75% ਘਟਾਉਣ ਵਿੱਚ ਮਦਦ ਕਰਣਗੇ

ਜੇਕਰ ਤੁਸੀਂ ਸੂ ਹੋ ਚੁੱਕੇ ਹੋ ਤੇ ਤੁਸੀਂ ਘਰ ਤੇ ਲੀਨ ਪੈਣ ,ਵੇਜ ਗਾਰਨੀਸ਼ਮੈਂਟ ਅਤੇ ਬੈਂਕ ਅਕਾਊਂਟ ਨੂੰ ਫ੍ਰੀਜ਼ ਹੋਣ ਤੋਂ ਬਚਾਉਣਾ ਚਾਉਂਦੇ ਹੋ ,ਅਤੇ ਤੁਸੀਂ ਆਪਣੀ ਕਾਰ ਤੇ ਟਰੱਕ ਦੀ ਕਿਸ਼ਤ ਨਹੀਂ ਦਿੱਤੀ ਤੇ ਤੁਹਾਡਾ ਐਸੇਟ ਸਰਨਡਰ ਹੋ ਗਿਆ ਹੈ ਤਾ
ਹੁਣ ਹੀ ਮੁਫਤ ਸਲਾਹ ਲਈ ਕਾਲ ਕਰੋ ਗੋਮਾ ਸੰਧੂ 4167316382

- -Collection Calls
- -Personal Taxes
- -GST/HST

- -Credit Card Debts
- -Personal Loans
- -Pay Day Loans
- -Student Loans

- -Wage Garnishment
- -Writ on your property
- -Frozen Bank Accounts

CONTACT US:
Goma Sandhu
(416)-731-6382
gomasandhu@hotmail.com

WE HELP...
- -Save your Assets
- -Avoid Bankruptcy
- -Small monthly payments
- -Rebuild your credit

YOUR DEBT $ MY SOLUTION



Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

# JAG AUJLA
REAL ESTATE BROKER

DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

Top 1% Broker
Call For a Quick & Free Home Evaluation
www.BramptonQuickHomeEvaluation.com

**2016,2015,2014,2013 2012,2011,2010 **(2009,2008) **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

### CALEDON




ਕੈਨੇਡੀ / ਦੂਗਲ

ਬਰੈਂਡ ਨੀਉ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਂਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਉਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ ਸੰਪਰਕ ਕਰ ਸਕਦੇ ਹੋ।

### BRAMPTON



$1,999,905 ਕੈਸਲਮੋਰ/ਗੋਰਵੇ

ਕੈਸਲਮੋਰ/ਗੋਰਵੇ ਦੇ ਏਰੀਆ ਵਿਚ 4551 ਸਕੇਅਰ ਫੁੱਟ, 60 ਫੁਟ ਦੀ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 5 ਬੈਡਰੂਮ, 5 ਵਾਸ਼ਰੂਮ, ਇਕ ਆਫਿਸ,ਅਪਗ੍ਰੇਡਡ ਕਿਚਨ ਵਿਦ ਕਾਊਂਟਰ ਟਾਪ, 3 ਬੈਡਰੂਮ ਦੀ ਫਿਨਿਸ਼ਡ ਬੇਸਮੈਂਟ ਵਿਦ ਸੈਪਰੇਟ ਐਂਟਰੈਂਸ ਹੈ। 9 ਫੁੱਟ ਦੀ ਸੀਲਿੰਗ, ਮੇਨ ਫਲੋਰ ਉਤੇ ਹਾਰਡਵੁੱਡ, ਸਟੇਨਡ ਓਕ ਸਟੇਅਰਕੇਸ, ਡਬਲ ਡੋਰ ਐਂਟਰੀ। ਦੂਸਰੀ ਮੰਜ਼ਲ ਉਤੇ ਲਾਉਂਡਰੀ। ਘਰ ਦੇ ਅੱਗੇ ਕੋਈ ਸਾਈਡ ਵਾਕ ਨਹੀਂ ਅਤੇ ਹੋਰ ਵੀ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ।

### BRAMPTON




$ 1,199,905 Bramlea Rd./Bovaird Dr.

2600 ਸਕੇਅਰ ਫੁੱਟ ਦਾ 45 ਫੁੱਟ ਦੀ ਲਾਟ ਦਾ ਡੀਟੈਚਡ ਘਰ, ਡਬਲ ਡੋਰ ਐਂਟਰੀ, 4 ਬੈਂਡਰੂਮ, 3 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, 2 ਲਾਂਡਰੀ, ਅਪਗ੍ਰੇਡਡ ਕਿਚਨ, ਅਪਗ੍ਰੇਡਡ ਰੂਫ ਅਤੇ ਵੁੱਡ ਫਲੋਰ ਤੇ ਹੋਰ ਸਾਰੀਆਂ ਸਹੂਲਤਾਂ ਦੇ ਨਜ਼ਦੀਕ।
ਜਿਆਦਾ ਜਾਣਕਾਰੀ ਲਈ ਸੰਪਰਕ ਕਰੋ: 416-371-7777

### BRAMPTON




$749,905

William /Vodden /Main
3 ਬੈਡਰੂਮ, 2 ਵਾਸ਼ਰੂਮ ਦਾ ਬਹੁਤ ਸੋਹਣਾ ਘਰ, ਜਿਸ ਵਿਚ 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੈਂਟ ਸੈਪਰੇਟ ਐਂਟਰੈਂਸ ਨਾਲ, ਪਿਛਲੇ ਸਾਲ ਹੀ ਸਾਰਾ ਘਰ ਅਪਗ੍ਰੇਡ ਕੀਤਾ ਗਿਆ ਹੈ। ਸਕੂਲ, ਪਲਾਜ਼ਾ ਅਤੇ ਬੱਸ ਸਟਾਪ ਤੋਂ ਕੁੱਝ ਹੀ ਮਿੰਟਾਂ ਦੀ ਦੂਰੀ ਹੈ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨੇੜੇ।

### BRAMPTON




34 Winterfold Dr

CREDITVIEW & BOVAIRD (MOUNT PLEASANT)
ਖੁੱਲ੍ਹਾ ਅਤੇ ਸ਼ਾਨਦਾਰ 2 ਮੇਨ ਐਂਟਰੈਂਸ ਵਾਲਾ ਘਰ, ਡਬਲ ਕਾਰ ਗਰਾਜ, ਓਪਨ ਕੰਸੈਪਟ ਕਿਚਨ ਬੈਕਸਪਲੈਸ਼ ਦੇ ਨਾਲ, ਖੁੱਲ੍ਹਾ ਮਾਸਟਰ ਬੈਂਡਰੂਮ ਇਨਸੂਟ ਵਾਸ਼ਰੂਮ ਅਤੇ ਵਾਕਇਨ ਕਲਾਜ਼ਿਟ ਦੇ ਨਾਲ। 2 ਬੈਂਡਰੂਮ ਦੀ ਫਿਨਿਸ਼ਡ ਬੇਸਮੈਂਟ, ਖੁੱਲ੍ਹਾ ਡੁੱਲ੍ਹਾ ਬੈਕਯਾਰਡ। ਘਰ 2 ਵੱਖ-ਵੱਖ ਪਰਿਵਾਰਾਂ ਨੂੰ ਕਿਰਾਏ ਉਤੇ ਦਿੱਤਾ ਜਾ ਸਕਦਾ ਹੈ।




Orangeville Ontario L9W3X5

Orangeville Dufferin ਦੇ ਏਰੀਆ ਵਿਚ 5780 ਸਕੇਅਰ ਫੁਟ ਦਾ ਆਟੋ ਬਾਡੀ ਸ਼ਾਪ 1 ਏਕੜ ਦੀ ਜਗ੍ਹਾ, 3 ਗਰਾਜ ਡੋਰ 15 ਫੁੱਟ ਉਚਾਈ, 4 ਵਾਸ਼ਰੂਮ, 100 + ਕਾਰ ਪਾਰਕਿੰਗ, ਅਗਲੇ ਹਿੱਸੇ ਵਿਚ ਆਟੋ ਬਾਡੀ, ਕਾਰ ਰਿਪੇਅਰ ਅਤੇ ਬੈਕ ਸਾਈਡ ਉਤੇ ਕੋਈ ਹੋਰ ਬਿਜਨਸ ਚੱਲ ਰਿਹਾ ਹੈ। ਜਿਆਦਾ ਜਾਣਕਾਰੀ ਲਈ ਸੰਪਰਕ ਕਰੋ 416-371-7777




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

SERVING FROM ALL LOCATIONS IN GTA AREA:

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017